# ਪੰਜਾਬ ਵਿਧਾਨ ਸਭਾ

**ਸਾਲ 2025-26 ਦੌਰਾਨ ਪੰਜਾਬ ਵਿਧਾਨ ਸਭਾ ਦੀਆਂ**

**ਕਮੇਟੀਆਂ ਦੁਆਰਾ ਕੀਤੇ ਗਏ**

**ਕੰਮ ਕਾਰ ਦੀ**

# ਸਮੀਖਿਆ



## ਪੰਜਾਬ ਵਿਧਾਨ ਸਭਾ ਸਕੱਤਰੇਤ

## ਚੰਡੀਗੜ੍ਹ-160001

ਇਹ ਪੁਸਤਿਕਾ 16ਵੀਂ ਪੰਜਾਬ ਵਿਧਾਨ ਸਭਾ ਦੀਆਂ ਨਿਮਨਲਿਖਤ ਕਮੇਟੀਆਂ ਦੁਆਰਾ ਸਾਲ 2025-26 ਦੇ ਦੌਰਾਨ ਕੀਤੇ ਗਏ ਕੰਮ-ਕਾਰ ਬਾਰੇ ਸੰਖੇਪ ਰੂਪ ਵਿੱਚ ਜਾਣਕਾਰੀ ਦਿੰਦੀ ਹੈ :

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ;
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ;
5. ਕਾਰਜ ਸਲਾਹਕਾਰ ਕਮੇਟੀ;
6. ਵਿਸ਼ੇਸ਼ ਅਧਿਕਾਰ ਕਮੇਟੀ;
7. ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ;
8. ਕੁਐਸ਼ਚਨਜ਼ ਐਂਡ ਰੈਫਰੈਂਸਿਜ਼ ਕਮੇਟੀ;
9. ਅਧੀਨ ਵਿਧਾਨ ਕਮੇਟੀ;
10. ਆਮ ਮੰਤਵਾਂ ਸਬੰਧੀ ਕਮੇਟੀ;
11. ਸਦਨ ਦੀ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ;
12. ਹਾਊਸ ਕਮੇਟੀ;
13. ਪਟੀਸ਼ਨ ਕਮੇਟੀ;
14. ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ;
15. ਸਥਾਨਕ ਸੰਸਥਾਵਾਂ ਸਬੰਧੀ ਕਮੇਟੀ;
16. ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ;
17. ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ;
18. ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ;
19. ਸਿਲੈਕਟ ਕਮੇਟੀ।

ਕਮੇਟੀ ਦੀਆਂ ਮੀਟਿੰਗਾਂ ਦੀ ਕਾਰਵਾਈ ਦਾ ਸੰਖੇਪ ਰਿਕਾਰਡ ਪੰਜਾਬ ਵਿਧਾਨ ਸਭਾ ਸਕੱਤਰੇਤ ਵਿੱਚ ਵੱਖਰੇ ਤੌਰ ਤੇ ਰੱਖਿਆ ਗਿਆ ਹੈ।

ਚੰਡੀਗੜ੍ਹ, ਸ੍ਰੀ ਰਾਮ ਲੋਕ ਖਟਾਣਾ
09 ਜੂਨ, 2026 ਸਕੱਤਰ।

# ਵਿਸ਼ਾ- ਸੂਚੀ


| ਲੜੀ ਨੰ: | ਕਮੇਟੀ ਦੇ ਨਾਂ | ਪੰਨਾ ਨੰ: |
|---|---|---|
| 1. | ਲੋਕ ਲੇਖਾ ਕਮੇਟੀ; | 1-10 |
| 2. | ਅਨੁਮਾਨ ਕਮੇਟੀ; | 11-21 |
| 3. | ਸਰਕਾਰੀ ਕਾਰੋਬਾਰ ਕਮੇਟੀ; | 22-29 |
| 4. | ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ; | 30-35 |
| 5. | ਕਾਰਜ ਸਲਾਹਕਾਰ ਕਮੇਟੀ; | 36-38 |
| 6. | ਵਿਸ਼ੇਸ਼ ਅਧਿਕਾਰ ਕਮੇਟੀ; | 39-57 |
| 7. | ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ; | 58-64 |
| 8. | ਕੁਐਸ਼ਚਨਜ਼ ਐਂਡ ਰੈਫਰੈਂਸਿਜ਼ ਕਮੇਟੀ; | 65-75 |
| 9. | ਅਧੀਨ ਵਿਧਾਨ ਕਮੇਟੀ; | 76-83 |
| 10. | ਆਮ ਮੰਤਵਾਂ ਸਬੰਧੀ ਕਮੇਟੀ; | 84-85 |
| 11. | ਸਦਨ ਦੀ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ ; | 86-91 |
| 12. | ਹਾਊਸ ਕਮੇਟੀ; | 92-95 |
| 13. | ਪਟੀਸ਼ਨ ਕਮੇਟੀ; | 96-111 |
| 14. | ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ; | 112-121 |
| 15. | ਸਥਾਨਕ ਸੰਸਥਾਵਾਂ ਸਬੰਧੀ ਕਮੇਟੀ; | 122-127 |
| 16. | ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ; | 128-131 |
| 17. | ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ। | 132-136 |
| 18. | ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ | 137-144 |
| 19. | ਸਿਲੈਕਟ ਕਮੇਟੀ | 145-152 |

# <u>ਲੋਕ ਲੇਖਾ ਕਮੇਟੀ</u>

## ਚੋਣ ਅਤੇ ਬਣਤਰ

1. ਪੰਜਾਬ ਵਿਧਾਨ ਸਭਾ ਦੇ ਤੇਰ੍ਹਾਂ ਮੈਂਬਰਾਂ ਵਾਲੀ ਇਹ ਕਮੇਟੀ 28 ਮਾਰਚ, 2025 ਨੂੰ ਪੰਜਾਬ ਵਿਧਾਨ ਸਭਾ ਦੁਆਰਾ ਪਾਸ ਕੀਤੇ ਗਏ ਪ੍ਰਸਤਾਵ ਦੀ ਪੈਰਵੀ ਵਿੱਚ ਮਾਣਯੋਗ ਸਪੀਕਰ ਸਾਹਿਬ ਦੁਆਰਾ ਅਧਿਸੂਚਨਾ ਨੰ: 1-ਪੀ.ਏ.ਸੀ./ 2025-26/27, ਮਿਤੀ 19 ਮਈ, 2025 ਰਾਹੀਂ ਨਾਮਜ਼ਦ ਕੀਤੀ ਗਈ ਸੀ।

2. ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184(1) ਅਧੀਨ ਮਾਣਯੋਗ ਸਪੀਕਰ ਸਾਹਿਬ ਦੁਆਰਾ ਡਾਕਟਰ ਇੰਦਰਬੀਰ ਸਿੰਘ ਨਿੱਜਰ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ ਗਿਆ।

3. ਕਮੇਟੀ ਨੇ ਮਾਰਚ, 2026 ਤੱਕ ਕੁੱਲ <u>36</u> ਮੀਟਿੰਗਾਂ ਕੀਤੀਆਂ। ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਏ, ਉਨ੍ਹਾਂ ਦੀ ਗਿਣਤੀ ਹੇਠਾਂ ਸਾਰਣੀ ਵਿੱਚ ਦਰਸਾਈ ਗਈ ਹੈ :-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1. | ਡਾਕਟਰ ਇੰਦਰਬੀਰ ਸਿੰਘ ਨਿੱਜਰ | 36 |
| 2. | ਸ਼੍ਰੀ ਅਮਨਦੀਪ ਸਿੰਘ ਮੁਸਾਫ਼ਿਰ | 23 |
| 3. | ਸਰਦਾਰ ਅਮਰਪਾਲ ਸਿੰਘ | 00 |
| 4. | ਸਰਦਾਰ ਬਰਿੰਦਰਮੀਤ ਸਿੰਘ ਪਾਹੜਾ | 00 |
| 5. | ਸਰਦਾਰ ਚੇਤਨ ਸਿੰਘ ਜੋੜਾਮਾਜਰਾ | 29 |
| 6. | ਡਾਕਟਰ ਚਰਨਜੀਤ ਸਿੰਘ | 08 |
| 7. | ਸਰਦਾਰ ਗੁਰਦੇਵ ਸਿੰਘ ਦੇਵ ਮਾਨ | 03 |
| 8. | ਸਰਦਾਰ ਕੁਲਵੰਤ ਸਿੰਘ ਬਾਜੀਗਰ | 09 |
| 9. | ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ | 28 |
| 10. | ਸਰਦਾਰ ਨਰਿੰਦਰ ਪਾਲ ਸਿੰਘ ਸਵਨਾ | 09 |
| 11. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | 18 |
| 12. | ਡਾਕਟਰ ਵਿਜੇ ਸਿੰਗਲਾ | 31 |
| 13. | *ਸਰਦਾਰ ਕੁਲਦੀਪ ਸਿੰਘ ਧਾਲੀਵਾਲ | 10 |

*ਮਾਣਯੋਗ ਸਪੀਕਰ ਸਾਹਿਬ ਨੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 180 (3) ਅਧੀਨ ਮਿਤੀ 14 ਅਗਸਤ, 2025 ਤੋਂ ਸਾਲ 2025-26 ਦੇ ਬਾਕੀ ਰਹਿੰਦੇ ਸਮੇਂ ਲਈ ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਐਮ.ਐਲ.ਏ. ਨੂੰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ।

4. ਕਮੇਟੀ ਵੱਲੋਂ ਕੀਤੀਆਂ ਗਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਰ :-

| ਲੜੀ ਨੰ: | ਮੀਟਿੰਗਾਂ ਦੀ ਮਿਤੀ | ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ | ਕੀਤਾ ਗਿਆ ਕੰਮ–ਕਾਰ |
|---|---|---|---|
| 1 | 2 | 3 | 4 |
| 1. | 27.05.2025 | 05 | ਕਮੇਟੀ ਦੀ ਪਹਿਲੀ ਮੀਟਿੰਗ ਵਿਚ ਸਕੱਤਰ, ਪੰਜਾਬ ਵਿਧਾਨ ਸਭਾ ਨੇ ਮਾਣਯੋਗ ਸਭਾਪਤੀ ਅਤੇ ਸਾਰੇ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਆਖਿਆ ਅਤੇ ਕਮੇਟੀ ਦੇ ਕਾਰਜ-ਖੇਤਰ ਅਤੇ ਕਰੱਤਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। |
| 2. | 03.06.2025 | 05 | ਕਮੇਟੀ ਦੁਆਰਾ ਸੀ.ਏ.ਜੀ. ਦੀ ਰਿਪੋਰਟ (ਮਾਲ-ਆਮਦਨ) 2016-17, 2017-18, 2018-19, 2019-20 ਅਤੇ 2020-21 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਵਿਭਾਗ ਵੱਲੋਂ ਪ੍ਰਾਪਤ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸੀ.ਏ.ਜੀ. ਦੀਆਂ ਰਿਪੋਰਟਾਂ ਸਾਲ 2016-17, 2017-18, 2018-19, 2019-20, 2020-21 ਅਤੇ 2021-22 ਵਿੱਚ ਦਰਜ ਪੈਂਡਿੰਗ ਰਹਿੰਦੇ ਪੈਰ੍ਹਿਆਂ ਦੇ ਜਵਾਬ ਨਾ ਭੇਜਣ ਦੇ ਕਾਰਨ ਜਾਣਨ ਲਈ ਵਧੀਕ ਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਆਬਕਾਰੀ ਅਤੇ ਕਰ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 3. | 24.06.2025 | 04 | ਕਮੇਟੀ ਨੇ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2016-17 ਵਿੱਚ ਦਰਜ ਆਡਿਟ ਸਬੰਧੀ ਕਮੇਟੀ ਦੁਆਰਾ ਕੀਤੇ ਪ੍ਰੇਖਣਾਂ ਤੇ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਸਿੱਖਿਆ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 4. | 01.07.2025 | 05 | 1. ਕਮੇਟੀ ਨੇ ਸਰਦਾਰ ਕਸ਼ਮੀਰ ਸਿੰਘ ਸੋਹਲ, ਮਾਣਯੋਗ ਐਮ.ਐਲ.ਏ., ਤਰਨਤਾਰਨ ਦੇ ਅਕਾਲ ਚਲਾਣਾ ਕਰ ਜਾਣ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਮੇਟੀ ਨੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਣ ਕੀਤਾ।<br>2. ਕਮੇਟੀ ਸਾਹਮਣੇ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਦੇ ਰਜਿਸਟਰਾਰ ਵੱਲੋਂ ਸਭਾਪਤੀ, ਲੋਕ ਲੇਖਾ ਕਮੇਟੀ ਨੂੰ ਸੰਬੋਧਤ ਪੱਤਰ ਮਿਤੀ 01.07.2025 ਨੂੰ ਪੇਸ਼ ਕੀਤਾ ਗਿਆ। ਕਮੇਟੀ ਨੇ ਟਰੱਸਟ ਵੱਲੋਂ ਪ੍ਰਾਪਤ ਹੋਇਆ ਪੱਤਰ ਸੀ.ਏ.ਜੀ. ਦਫਤਰ ਦੇ ਅਧਿਕਾਰੀਆਂ ਨੂੰ ਹੈਂਡਓਵਰ ਕੀਤਾ। |

| | | | |
|---|---|---|---|
| | | | 3. ਕਮੇਟੀ ਨੇ ਸੀ.ਏ.ਜੀ. ਦੀ ਰਿਪੋਰਟ (ਮਾਲ-ਆਮਦਨ) ਸਾਲ 2016-17, 2018-19 ਅਤੇ 2019-20 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਆਬਕਾਰੀ ਅਤੇ ਕਰ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਹੋਏ ਦਸਤਾਵੇਜ਼ਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ।<br>4. ਕਮੇਟੀ ਨੇ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2017-18 ਅਤੇ 2018-19 ਵਿੱਚ ਦਰਜ ਆਡਿਟ ਪੈਰ੍ਹਿਆਂ ਸਬੰਧੀ ਕਮੇਟੀ ਦੁਆਰਾ ਕੀਤੇ ਗਏ ਪ੍ਰੇਖਣਾਂ ਤੇ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਸਿੱਖਿਆ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 5. | 08.07.2025 | 06 | ਕਮੇਟੀ ਦੁਆਰਾ ਸੀ.ਏ.ਜੀ ਦੀ ਰਿਪੋਰਟ (ਮਾਲ-ਆਮਦਨ) ਸਾਲ 2017-18, 2018-19, 2019-20 ਅਤੇ 2020-21 ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਕਮੇਟੀ ਵੱਲੋਂ ਕੀਤੇ ਗਏ ਪ੍ਰੇਖਣਾਂ ਦੇ ਪ੍ਰਾਪਤ ਹੋਏ ਉੱਤਰਾਂ ਅਤੇ 2021-22 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਉੱਤਰ ਨਾ ਭੇਜਣ ਦੇ ਕਾਰਨ ਜਾਣਨ ਲਈ ਸਕੱਤਰ, ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 6. | 22.07.2025 | 05 | 1. ਕਮੇਟੀ ਦੁਆਰਾ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਕਮੇਟੀ ਵੱਲੋਂ ਕੀਤੇ ਪ੍ਰੇਖਣਾਂ ਤੇ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਅਤੇ ਸਾਲ 2017-18 ਅਤੇ 2018-19 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ ।<br>2. ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਨਾਲ ਸਬੰਧਤ ਸੀ.ਏ.ਜੀ ਦੀ ਰਿਪੋਰਟ ਸਾਲ 2015-16 ਦੇ ਪੈਰ੍ਹਾ ਨੰ: 4.3.11(5) ਸਬੰਧੀ ਕਮੇਟੀ ਨੇ ਸਿਫਾਰਸ਼ ਕੀਤੀ। |
| 7. | 29.07.2025 | 08 | 1. ਕਮੇਟੀ ਦੁਆਰਾ ਵਿੱਤ ਵਿਭਾਗ, (ਵਿੱਤ ਬਜਟ-1ਸ਼ਾਖਾ) ਵੱਲੋਂ ਪ੍ਰਾਪਤ ਪੱਤਰ ਨੰ: FD-FB-107/3/2025-3FB1/1140048, ਮਿਤੀ 01.07.2025 ਬਾਬਤ Compliance of State Finance Audit Reports ਦੇ ਸਬੰਧ ਵਿੱਚ ਸਕੱਤਰ (ਖਰਚਾ), ਪੰਜਾਬ ਸਰਕਾਰ, ਵਿੱਤ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ।<br>2. ਕਮੇਟੀ ਨੇ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਉੱਤਰ ਠੀਕ ਨਾ ਭੇਜਣ ਦੇ |

| | | | |
|---|---|---|---|
| | | | ਕਾਰਨ ਜਾਣਨ ਲਈ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ। |
| 8. | 05.08.2025 | 06 | ਕਮੇਟੀ ਨੇ ਰਾਜ ਦੇ ਵਿੱਤ ਤੇ ਲੇਖਾ ਪ੍ਰੀਖਿਆ ਦੀਆਂ ਸਾਲ 2016-17 ਤੋਂ 2021-22 ਤੱਕ ਦੀਆਂ ਰਿਪੋਰਟਾਂ ਵਿੱਚ ਦਰਜ ਪੈਰ੍ਹਿਆਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਪ੍ਰਾਪਤ ਉੱਤਰਾਂ ਤੇ ਕਮੇਟੀ ਦੁਆਰਾ ਆਪਸੀ ਵਿਚਾਰ-ਵਟਾਂਦਰਾ ਕੀਤਾ ਗਿਆ। |
| 9. | 12.08.2025 | 06 | 1. ਕਮੇਟੀ ਸਾਹਮਣੇ ਸੀ.ਈ.ਜੀ. ਦੀ ਰਿਪੋਰਟ (ਸਿਵਲ) ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਉੱਤਰ ਠੀਕ ਨਾ ਭੇਜਣ ਦੇ ਕਾਰਨ ਜਾਣਨ ਲਈ ਵਿੱਤ ਵਿਭਾਗ, (ਵਿੱਤ ਬਜਟ-1 ਸ਼ਾਖਾ) ਵੱਲੋਂ ਪ੍ਰਾਪਤ ਪੱਤਰ ਨੰ: FD-FB-107/3/2025-3FB1/1140048, ਮਿਤੀ 01.07.2025 ਬਾਬਤ Compliance of State Finance Audit Reports ਰੱਖਿਆ ਗਿਆ ਅਤੇ ਕਮੇਟੀ ਨੇ ਇਸ ਪੱਤਰ ਨੂੰ ਨੋਟ ਕੀਤਾ।<br>2. ਕਮੇਟੀ ਦੁਆਰਾ ਸੀ.ਏ.ਜੀ ਦੀ ਰਿਪੋਰਟ (ਸਿਵਲ) ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਉੱਤਰ ਠੀਕ ਨਾ ਭੇਜਣ ਦੇ ਕਾਰਨ ਜਾਣਨ ਲਈ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 10. | 19.08.2025 | 09 | ਕਮੇਟੀ ਨੇ ਸੀ.ਏ.ਜੀ ਦੀ ਰਿਪੋਰਟ (ਸਿਵਲ) ਸਾਲ 2017-18 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਉੱਤਰ ਨਾ ਭੇਜਣ ਦੇ ਕਾਰਨ ਜਾਣਨ ਲਈ ਉੱਪ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਵਿਭਾਗ ਨਾਲ ਵਿਚਾਰ-ਵਟਾਂਦਰਾ ਕੀਤਾ। |
| 11. | 26.08.2025 | 06 | ਕਮੇਟੀ ਦੁਆਰਾ ਸੀ.ਏ.ਜੀ ਦੀ ਰਿਪੋਰਟ (ਸਿਵਲ) ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਭੇਜੇ ਗਏ ਉੱਤਰਾਂ ਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 12. | 27.08.2025 | 05 | ਕਮੇਟੀ ਨੇ ਸਟੱਡੀ ਟੂਰ ਸਬੰਧੀ ਆਪਸੀ ਵਿਚਾਰ-ਵਟਾਂਦਰਾ ਕੀਤਾ ਅਤੇ ਕਰਨਾਟਕਾ ਬਾਗਬਾਨੀ ਵਿਭਾਗ ਦੁਆਰਾ ਚਲਾਏ ਜਾ ਰਹੇ ਲਾਲ ਬਾਗ ਬੋਟੈਨੀਕਲ ਗਾਰਡਨ ਦਾ ਦੌਰਾ ਕੀਤਾ। |
| 13. | 28.08.2025 | 05 | ਕਮੇਟੀ ਦੁਆਰਾ ਕਰਨਾਟਕਾ ਵਿਧਾਨ ਸਭਾ ਅਤੇ ਵਿਧਾਨ ਪ੍ਰੀਸ਼ਦ, ਬੈਂਗਲੁਰੂ ਦਾ ਦੌਰਾ ਕੀਤਾ ਗਿਆ ਅਤੇ ਸਕੱਤਰ, ਕਰਨਾਟਕਾ ਵਿਧਾਨ ਸਭਾ (ਵਿਧਾਨ ਸੌਧਾ) ਨਾਲ ਪੀ.ਏ.ਸੀ., ਕਰਨਾਟਕਾ ਸਬੰਧੀ |

| | | | |
|---|---|---|---|
| | | | ਵਿਸਥਾਰਪੂਰਵਕ ਵਿਚਾਰ-ਵਟਾਂਦਾਰਾ ਕੀਤਾ ਗਿਆ ਅਤੇ ਉਨ੍ਹਾਂ ਦੀ ਤਰਜ਼ ਤੇ ਕੁੱਝ ਫੈਸਲੇ ਲਏ ਗਏ। |
| 14. | 29.08.2025 | 05 | ਕਮੇਟੀ ਦੁਆਰਾ ਲੋਕ ਲੇਖਾ ਕਮੇਟੀ ਦੀ 210ਵੀਂ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 1 ਤੋਂ 5 ਤੱਕ ਦੇ ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਵਿਭਾਗ ਵੱਲੋਂ ਪ੍ਰਾਪਤ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ ਗਿਆ। |
| 15. | 30.08.2025 | 05 | ਕਮੇਟੀ ਦੁਆਰਾ ਲੋਕ ਲੇਖਾ ਕਮੇਟੀ ਦੀ 210ਵੀਂ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 6 ਤੋਂ 10 ਤੱਕ ਦੇ ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 16. | 31.08.2025 | 05 | ਕਮੇਟੀ ਦੁਆਰਾ ਲੋਕ ਲੇਖਾ ਕਮੇਟੀ ਦੀ 210ਵੀਂ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 11, 13, 14 ਅਤੇ 15 ਦੇ ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਤਾਮਿਲਨਾਡੂ ਰਾਜ ਦੇ ਪਿੰਡ ਮੁਥਾਨਾਡ ਮੰਡ, ਤਾਲੁਕਾ ਉਟੀ, ਜ਼ਿਲ੍ਹਾ ਸੀਲਗੀਰੀ ਵਿੱਚ ਸੈਲਫ਼ ਹੈਲਪ ਗਰੁੱਪ ਦੁਆਰਾ ਰਾਜ ਸਰਕਾਰ ਦੀ ਮੱਦਦ ਨਾਲ ਚਲਾਏ ਜਾ ਰਹੇ ਪ੍ਰਾਜੈਕਟ ਦਾ ਅਧਿਐਨ ਕੀਤਾ ਗਿਆ। |
| 17. | 01.09.2025 | 05 | ਕਮੇਟੀ ਨੇ ਤਾਮਿਲਨਾਡੂ ਦੇ ਪਿੰਡ ਥੁਨੇਹੀ, ਢਾਣੀ ਅਨੀਕੋਰਾਈ ਅਤੇ ਪਿੰਡ ਥਵਿੱਟੂ ਮੋਕਾਈ ਤਾਲਕਾ ਊਟੀ, ਜ਼ਿਲ੍ਹਾ ਨੀਲਗਿਰੀ ਵਿੱਚ ਚੱਲ ਰਹੇ ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਵਿਭਾਗ, ਜਲ ਸਪਲਾਈ, ਸਿਹਤ ਅਤੇ ਸਕੂਲ ਸਿੱਖਿਆ ਵਿਭਾਗ ਦੇ ਅਧੀਨ ਚੱਲ ਰਹੇ ਕੰਮਾਂ ਬਾਰੇ ਅਧਿਐਨ ਕੀਤਾ। |
| 18. | 02.09.2025 | 05 | ਕਮੇਟੀ ਨੇ ਕਰਨਾਟਕਾ ਅਤੇ ਤਾਮਿਲਨਾਡੂ ਰਾਜਾਂ ਦਾ ਸਟੱਡੀ ਪ੍ਰੋਗਰਾਮ ਖਤਮ ਹੋਣ ਉਪਰੰਤ ਵਾਪਸੀ ਪ੍ਰੋਗਰਾਮ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 19. | 11.09.2025 | 08 | 1. ਦਫਤਰ ਡਿਪਟੀ ਕਮਿਸ਼ਨਰ, ਬਠਿੰਡਾ-ਕਮ-ਜ਼ਿਲ੍ਹਾ ਮੈਜਿਸਟ੍ਰੇਟ, ਬਠਿੰਡਾ ਤੋਂ ਪ੍ਰਾਪਤ ਪੱਤਰ ਨੰ: 1466/ਮਰਕ, ਮਿਤੀ 01.08.2025 ਬਾਬਤ ਸੀ.ਏ.ਜੀ. ਦੀ ਰਿਪੋਰਟ ਸਾਲ 2016-17 ਦੇ ਪੈਰ੍ਹਾ ਨੰ: 4.4 ਸੈਟਲ ਕਰਵਾਉਣ ਸਬੰਧੀ ਕਮੇਟੀ ਸਾਹਮਣੇ ਪੇਸ਼ ਕੀਤਾ ਗਿਆ। ਪ੍ਰਾਪਤ ਹੋਏ ਪੱਤਰ ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ |

| | | | |
|---|---|---|---|
| | | | ਕਰਨ ਉਪਰੰਤ ਪ੍ਰਿੰਸੀਪਲ ਅਕਾਊਂਟੈਂਟ ਜਨਰਲ ਦੇ ਦਫਤਰ ਦੇ ਅਧਿਕਾਰੀਆਂ ਨੂੰ ਸਟੱਡੀ ਕਰਨ ਲਈ ਹੈਂਡਓਵਰ ਕਰ ਦਿੱਤਾ ਗਿਆ।<br>2. ਕਮੇਟੀ ਦੁਆਰਾ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 20. | 16.09.2025 | 07 | ਕਮੇਟੀ ਦੁਆਰਾ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2016-17, 2017-18 ਅਤੇ 2018-19 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਗ੍ਰਹਿ ਮਾਮਲੇ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 21. | 23.09.2025 | 06 | 1. ਕਮੇਟੀ ਦੁਆਰਾ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2015-20 ਦੀ ਰਿਪੋਰਟ ਨੰ: 2, ਜੋ ਕਿ ਉੱਚੇਰੀ ਸਿੱਖਿਆ ਦੇ ਨਤੀਜਿਆਂ ਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਤੇ ਅਧਾਰਿਤ ਹੈ ਦੇ ਵਿਭਾਗ ਵੱਲੋਂ ਉੱਤਰ ਨਾ ਭੇਜਣ ਦੇ ਕਾਰਨ ਜਾਣਨ ਲਈ ਡਾਇਰੈਕਟਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ ।<br>2. ਕਮੇਟੀ ਦੁਆਰਾ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2021-22 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਉੱਤਰ ਨਾ ਭੇਜਣ ਦੇ ਕਾਰਨ ਜਾਣਨ ਲਈ ਵਿਸ਼ੇਸ਼ ਮੁੱਖ ਸਕੱਤਰ, ਪੰਜਾਬ ਸਰਕਾਰ, ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ ।<br>3. ਕਮੇਟੀ ਦੁਆਰਾ ਸੀ.ਏ.ਜੀ. ਦੀ ਰਿਪੋਰਟ ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਾ ਨੰ: 4.4 (ਹੁਣ ਲੋਕ ਲੇਖਾ ਕਮੇਟੀ ਦੀ 217ਵੀਂ ਰਿਪੋਰਟ ਦਾ ਪੈਰ੍ਹਾ ਨੰ: 3) ਸਬੰਧੀ ਦਫਤਰ ਡਿਪਟੀ ਕਮਿਸ਼ਨਰ- ਕਮ-ਜ਼ਿਲ੍ਹਾ-ਮੈਜਿਸਟਰੇਟ, ਬਠਿੰਡਾ ਤੋਂ ਪ੍ਰਾਪਤ ਪੱਤਰ ਨੰ: 1466, ਮਿਤੀ 01.08.2025 ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।<br>4. ਕਮੇਟੀ ਦੁਆਰਾ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2016-17 ਅਤੇ 2017-18 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਦੀ ਛਾਣਬੀਣ ਕੀਤੀ ਗਈ ਅਤੇ ਪੈਂਡਿੰਗ ਰਹਿੰਦੇ ਪੈਰ੍ਹਿਆਂ ਦੇ ਉੱਤਰ ਨਾ ਭੇਜਣ ਦੇ ਕਾਰਨ ਜਾਣਨ ਲਈ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |

| | | | |
|---|---|---|---|
| 22. | 30.09.2025 | 07 | ਕਮੇਟੀ ਨੇ ਸੀ.ਏ.ਜੀ ਦੀਆਂ ਰਿਪੋਰਟਾਂ (ਸਿਵਲ) ਸਾਲ 2017-18 ਅਤੇ 2021-22 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਜੇਲ੍ਹਾਂ ਵਿਭਾਗ ਵੱਲੋਂ ਪ੍ਰਾਪਤ ਉੱਤਰਾਂ ਤੇ ਸਕੱਤਰ-ਕਮ-ਆਈ.ਜੀ., ਪੰਜਾਬ ਸਰਕਾਰ, ਜੇਲ੍ਹਾਂ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ। |
| 23. | 09.10.2025 | 06 | ਕਮੇਟੀ ਦੁਆਰਾ ਸੀ.ਏ.ਜੀ ਦੀ ਰਿਪੋਰਟ (ਸਿਵਲ) ਸਾਲ 2021-22 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਵਿਭਾਗ ਵੱਲੋਂ ਪ੍ਰਾਪਤ ਉੱਤਰਾਂ ਤੇ ਵਿਸੇਸ਼ ਸਕੱਤਰ, ਪੰਜਾਬ ਸਰਕਾਰ, ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 24. | 12.11.2025 | 05 | ਕਮੇਟੀ ਦੁਆਰਾ ਸੀ.ਏ.ਜੀ ਦੀ ਰਿਪੋਰਟ ਸਾਲ 2015 ਤੋਂ 2020 ਤੱਕ ਦਰਜ ਆਡਿਟ ਪੈਰ੍ਹਿਆਂ ਦੇ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਡਾਇਰੈਕਟਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 25. | 16.12.25 | 05 | ਕਮੇਟੀ ਦੁਆਰਾ ਸੀ.ਏ.ਜੀ ਦੀਆਂ ਰਿਪੋਰਟਾਂ (ਮਾਲ-ਆਮਦਨ) ਸਾਲ 2016-17 ਅਤੇ 2018-19 ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ ਗਿਆ । |
| 26. | 23.12.2025 | 05 | ਕਮੇਟੀ ਦੁਆਰਾ ਸੀ.ਏ.ਜੀ ਦੀਆਂ ਰਿਪੋਰਟਾਂ (ਮਾਲ-ਆਮਦਨ) ਸਾਲ 2016-17 ਅਤੇ 2018-19 ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 27. | 29.12.2025 | 05 | ਕਮੇਟੀ ਦੁਆਰਾ ਸੀ.ਏ.ਜੀ ਦੀ ਰਿਪੋਰਟ (ਮਾਲ-ਆਮਦਨ) ਸਾਲ 2018-19 ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 28. | 06.01.2026 | 04 | ਕਮੇਟੀ ਨੇ ਲੋਕ ਲੇਖਾ ਕਮੇਟੀ ਦੀ 215ਵੀਂ ਰਿਪੋਰਟ ਸਾਲ 2016-17 ਵਿੱਚ ਦਰਜ ਪੈਰ੍ਹਿਆਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 29. | 20.01.2026 | 07 | 1. ਸਭਾਪਤੀ ਜੀ ਨੇ ਮਿਤੀ 12.11.2025, 20.11.2025, 02.12.2025, 16.12.2025, 23.12.2025, 19.12.2025 ਅਤੇ 06.01.2026 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ।<br>2. ਕਮੇਟੀ ਦੁਆਰਾ ਲੋਕ ਲੇਖਾ ਕਮੇਟੀ ਦੀ 215ਵੀਂ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 1 ਤੋਂ 12 ਦੇ ਵਿਭਾਗ ਵੱਲੋਂ ਪ੍ਰਾਪਤ ਉੱਤਰਾਂ ਤੇ ਵਿਸ਼ੇਸ਼ |

| | | | |
|---|---|---|---|
| | | | ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 30. | 28.01.2026 | 06 | ਕਮੇਟੀ ਨੇ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਲੋਕ ਲੇਖਾ ਕਮੇਟੀ ਦੁਆਰਾ ਤਿਆਰ ਕੀਤੀ ਗਈ 219ਵੀਂ ਰਿਪੋਰਟ ਦੇ ਖਰੜੇ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 31. | 03.02.2026 | 05 | ਕਮੇਟੀ ਨੇ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਨਾਲ ਸਬੰਧਤ ਸੀ.ਏ.ਜੀ. ਦੀ ਰਿਪੋਰਟ (ਮਾਲ-ਆਮਦਨ) ਸਾਲ 2016-17 ਅਤੇ 2018-19 ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਲੋਕ ਲੇਖਾ ਕਮੇਟੀ ਦੁਆਰਾ ਤਿਆਰ ਕੀਤੀ ਗਈ 220ਵੀਂ ਰਿਪੋਰਟ ਦੇ ਖਰੜੇ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 32. | 10.02.2026 | 08 | ਕਮੇਟੀ ਦੁਆਰਾ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਤੇ ਘੱਟ ਗਿਣਤੀ ਵਿਭਾਗ ਦੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |
| 33. | 17.02.2026 | 04 | 1. ਕਮੇਟੀ ਨੇ ਫਾਰੈਸਟ ਡਿਵੀਜ਼ਨ, ਪਟਿਆਲਾ ਅਧੀਨ ਸਮਾਣਾ ਰੇਂਜ (ਬੀੜ ਗੁਰਦਿਆਲਪੁਰਾ, ਜ਼ਿਲ੍ਹਾ ਪਟਿਆਲਾ) ਵਿੱਚ ਸਾਲ 2023-24 ਦੌਰਾਨ ਪੀ.ਯੂ.ਐਨ./ਸੀ.ਏ.ਐਮ.ਪੀ.ਏ. ਸਕੀਮ ਤਹਿਤ ਚੋਆ ਡੱਸਟ (ਸਾਈਟ) ਤੇ 7-ਹੈਕਟੇਅਰ ਖੇਤਰ ਵਿੱਚ 7000 ਸੀਸ਼ਮ ਅਤੇ ਅਰਜਨ ਦੇ ਪੌਦਿਆਂ ਦਾ ਨਿਰੀਖਣ ਕੀਤਾ ਅਤੇ ਮੱਤੇਵਾੜਾ, ਜ਼ਿਲ੍ਹਾ ਲੁਧਿਆਣਾ ਵਿੱਚ ਜੰਗਲਾਤ ਵਿਭਾਗ ਅਧੀਨ ਆਉਂਦੇ ਵਣਾਂ ਅਤੇ ਹੋਰ ਥਾਵਾਂ ਦਾ ਦੌਰਾ ਕੀਤਾ।<br>2. ਕਮੇਟੀ ਦੁਆਰਾ ਬੀੜ ਗੁਰਦਿਆਲਪੁਰਾ, ਵਣ ਰੇਂਜ ਸਮਾਣਾ, ਜ਼ਿਲ੍ਹਾ ਪਟਿਆਲਾ ਅਤੇ ਜੰਗਲਾਤ ਵਿਭਾਗ ਅਧੀਨ ਆਉਂਦੇ ਹੋਰ ਵਣ ਅਤੇ ਨਗਰ ਵਣ, ਬੀੜ ਖੇੜੀ ਗੁੱਜਰਾਂ ਅਤੇ ਬੀੜ ਮੈਂਹਸ ਜੰਗਲੀ ਜੀਵ ਸੈਂਚੁਰੀ ਦਾ ਦੌਰਾ ਕੀਤਾ।<br>3. ਕਮੇਟੀ ਨੇ ਗਰੀਨ ਪੰਜਾਬ ਮਿਸ਼ਨ ਸਕੀਮ ਅਧੀਨ ਵੱਖ-ਵੱਖ ਪੌਦਿਆਂ ਦਾ ਨਿਰੀਖਣ ਕਰਨ ਲਈ ਮਦੋਕ ਹੌਜਰੀ ਫੈਕਟਰੀ, ਪਿੰਡ ਮੇਹਰਬਾਨ, ਰਾਹੋਂ ਰੋਡ, ਮੱਤੇਵਾੜਾ ਨਰਸਰੀ ਅਤੇ ਮੱਤੇਵਾੜਾ ਜੰਗਲ (ਲੁਧਿਆਣਾ ਮੰਡਲ), ਲੁਧਿਆਣਾ ਦਾ ਦੌਰਾ ਕੀਤਾ। |

| | | | |
|---|---|---|---|
| 34. | 18.02.2026 | 04 | 1. ਕਮੇਟੀ ਨੇ ਨੈਸ਼ਨਲ ਹਾਈਵੇਅ - 54 (ਕਿ.ਮਿ. 80-90) ਪਾਖਰਪੁਰ ਤੋਂ ਕੱਥੂਨੰਗਲ ਪੁੱਲ, ਵਣਮੰਡਲ, ਸ੍ਰੀ ਅੰਮ੍ਰਿਤਸਰ ਸਾਹਿਬ, ਵਣ ਰੇਂਜ ਸ੍ਰੀ ਅੰਮ੍ਰਿਤਸਰ ਸਾਹਿਬ-2 ਦੇ ਕਿਨਾਰਿਆਂ ਉੱਤੇ ਲਗਾਏ ਗਏ ਰੁੱਖਾਂ ਦਾ ਨਿਰੀਖਣ ਕੀਤਾ।<br>2. ਕਮੇਟੀ ਨੇ ਰੱਖ ਸਰਾਏ ਅਮਾਨਤ ਖਾਂ, ਬਾਇਓ-ਡਾਇਵਰਸਿਟੀ ਕਨਜਰਵੇਸ਼ਨ ਰਿਜਰਵ ਫਾਰੈਸਟ ਡਿਵੀਜ਼ਨ, (ਨਜ਼ਦੀਕ ਗੰਡੀਵਿੰਡ, ਤਰਨਤਾਰਨ) ਸ੍ਰੀ ਅੰਮ੍ਰਿਤਸਰ ਦਾ ਦੌਰਾ ਕੀਤਾ। |
| 35. | 24.02.2026 | 06 | ਕਮੇਟੀ ਨੇ ਸੀ.ਏ.ਜੀ. ਦੀ ਰਿਪੋਰਟ (ਸਿਵਲ) ਸਾਲ 2018-19 ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਖੇਤੀਬਾੜੀ ਅਤੇ ਭਲਾਈ ਵਿਕਾਸ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 36. | 06.03.2026 | 06 | 1. ਸਭਾਪਤੀ ਜੀ ਨੇ ਮਿਤੀ 17.02.2026, 18.02.2026 ਅਤੇ 24.02.2026 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ।<br>2. ਸੁਪਰਡੰਟ, ਪੰਜਾਬ ਸਰਕਾਰ, ਜੇਲ੍ਹਾਂ ਵਿਭਾਗ (ਜੇਲ੍ਹਾਂ ਸ਼ਾਖਾ) ਵੱਲੋਂ ਪ੍ਰਾਪਤ ਪੱਤਰ ਨੰ: JAIL-JAIL01/80/2024-5J/ 1334673, ਮਿਤੀ 05.03.2026 ਨੂੰ ਕਮੇਟੀ ਸਾਹਮਣੇ ਪੇਸ਼ ਕੀਤਾ ਗਿਆ।<br>3. ਕਮੇਟੀ ਨੇ ਲੋਕ ਲੇਖਾ ਕਮੇਟੀ ਦੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਨਾਲ ਸਬੰਧਤ ਸੀ.ਏ.ਜੀ. ਦੀ ਰਿਪੋਰਟ ਸਾਲ 2016-17 ਵਿੱਚ ਦਰਜ ਆਡਿਟ ਪੈਰ੍ਹਿਆਂ ਤੇ 219ਵੀਂ ਅਤੇ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਨਾਲ ਸਬੰਧਤ ਸੀ.ਏ.ਜੀ. ਦੀ ਰਿਪੋਰਟ (ਮਾਲ-ਆਮਦਨ) ਸਾਲ 2016-17 ਅਤੇ 2018-19 ਤੇ ਤਿਆਰ ਕੀਤੀ 220ਵੀਂ ਖਰੜ੍ਹਾ ਰਿਪੋਰਟਾਂ ਤੇ ਆਪਸੀ ਵਿਚਾਰ-ਵਟਾਂਦਰਾ ਕਰਨ ਉਪਰੰਤ ਪ੍ਰਵਾਨਗੀ ਦਿੱਤੀ। |

5. ਪੇਸ਼ ਕੀਤੀਆਂ ਗਈਆਂ ਰਿਪੋਰਟਾਂ

| ਕ੍ਰਮ ਨੰ: | ਰਿਪੋਰਟ ਦਾ ਨਾਂ | ਜਿਸ ਤਰੀਖ ਨੂੰ ਰਿਪੋਰਟ ਪੇਸ਼ ਕੀਤੀ ਗਈ |
|---|---|---|
| 1. | ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ (ਸਿਵਲ) ਸਾਲ 2016-17 ਲਈ ਪੰਜਾਬ ਸਰਕਾਰ ਦੇ ਨਮਿੱਤਣ | 11 ਮਾਰਚ, 2026 |

| | | |
|---|---|---|
| | ਲੇਖਿਆ ਤੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨਾਲ ਸਬੰਧਤ ਆਡਿਟ ਪੈਰਿਆਂ ਤੇ ਲੋਕ ਲੇਖਾ ਕਮੇਟੀ ਦੀ 219ਵੀਂ ਰਿਪੋਰਟ। | |
| 2. | ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ (ਮਾਲ-ਆਮਦਨ) ਸਾਲ 2016-17 ਅਤੇ 2018-19 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆ ਤੇ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਨਾਲ ਸਬੰਧਤ ਆਡਿਟ ਪੈਰਿਆਂ ਤੇ ਲੋਕ ਲੇਖਾ ਕਮੇਟੀ ਦੀ 220ਵੀਂ ਰਿਪੋਰਟ। | 11 ਮਾਰਚ, 2026 |

6. ਲੋਕ ਲੇਖਾ ਕਮੇਟੀ ਨੇ ਸਾਲ 2025-26 ਦੌਰਾਨ ਮਿਤੀ 27.08.2025, 28.08.2025 ਨੂੰ ਬੈਂਗਲੁਰੂ (ਕਰਨਾਟਕਾ), 29.08.2025 ਮੈਸੂਰ (ਕਰਨਾਟਕਾ), 30.08.2025 ਤੋਂ 02.09.2025 ਤੱਕ ਊਟੀ (ਤਾਮਿਲਨਾਡੂ), 17.02.2026 ਨੂੰ ਗੁਰਦਿਆਲਪੁਰ ਬੀੜ, ਮੱਤੇਵਾੜਾ (ਲੁਧਿਆਣਾ) ਅਤੇ 18.02.2026 ਗੰਡੀਵਿੰਡ ਸਰਾਂ (ਤਰਨਤਾਰਨ) ਵਿਖੇ ਮੀਟਿੰਗਾਂ ਕੀਤੀਆਂ।

7. ਮਿਤੀ 14.10.2025, 28.10.2025, 20.11.2025, 02.12.2025 ਅਤੇ 03.03.2026 ਨੂੰ ਕਮੇਟੀ ਦੀ ਹੋਈਆਂ ਮੀਟਿੰਗਾਂ ਦਾ ਕੋਰਮ ਪੂਰਾ ਨਾ ਹੋਣ ਕਾਰਨ ਮੀਟਿੰਗਾਂ ਨਹੀਂ ਹੋ ਸਕੀਆਂ।

........................

## <u>ਅਨੁਮਾਨ ਕਮੇਟੀ</u>

## ਚੋਣ ਅਤੇ ਬਣਤਰ

1. ਪੰਜਾਬ ਵਿਧਾਨ ਸਭਾ ਦੀ 12 ਮੈਂਬਰੀ ਕਮੇਟੀ ਮਿਤੀ 28 ਮਾਰਚ, 2025 ਨੂੰ ਪੰਜਾਬ ਵਿਧਾਨ ਸਭਾ ਦੁਆਰਾ ਪਾਸ ਕੀਤੇ ਗਏ ਪ੍ਰਸਤਾਵ ਦੀ ਪੈਰਵੀ ਵਿੱਚ ਮਾਣਯੋਗ ਸਪੀਕਰ ਸਾਹਿਬ ਦੁਆਰਾ ਅਧਿਸੂਚਨਾ ਨੰ:1-ਈ.ਸੀ-2025-26/29, ਮਿਤੀ 19 ਮਈ, 2025 ਰਾਹੀਂ ਨਾਮਜ਼ਦ ਕੀਤੀ ਗਈ ਸੀ।

2. ਪੰਜਾਬ ਵਿਧਾਨ ਸਭਾ ਦੀ ਕਾਰਜ਼ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184 (1) ਅਧੀਨ ਮਾਣਯੋਗ ਸਪੀਕਰ ਸਾਹਿਬ ਨੇ ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ।

3. ਕਮੇਟੀ ਨੇ ਕੁੱਲ **40** ਮੀਟਿੰਗਾਂ ਕੀਤੀਆਂ। ਮੈਂਬਰਾਂ ਦਾ ਨਾਂ ਅਤੇ ਹਰ ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਏ, ਉਨ੍ਹਾਂ ਦੀ ਗਿਣਤੀ ਹੇਠਾਂ ਲਿਖੀ ਸਾਰਣੀ ਵਿੱਚ ਦਰਸਾਈ ਗਈ ਹੈ :-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1. | ਸਰਦਾਰ ਮਨਜੀਤ ਸਿਘ ਬਿਲਾਸਪੁਰ | 38 |
| 2. | ਰਾਣਾ ਗੁਰਜੀਤ ਸਿੰਘ | 11 |
| 3. | ਸਰਦਾਰ ਹਾਕਮ ਸਿੰਘ ਠੇਕੇਦਾਰ | 07 |
| 4. | ਸਰਦਾਰ ਹਰਦੇਵ ਸਿੰਘ ਲਾਡੀ | 22 |
| 5. | ਸ੍ਰੀ ਜਗਦੀਪ ਕੰਬੋਜ ਗੋਲਡੀ | 09 |
| 6. | ਸਰਦਾਰ ਜੀਵਨ ਸਿੰਘ ਸੰਗੋਵਾਲ | 33 |
| 7. | ਸਰਦਾਰ ਲਾਭ ਸਿੰਘ ਉਗੋਕੇ | 12 |
| 8. | ਸਰਦਾਰ ਮਨਜਿੰਦਰ ਸਿੰਘ ਲਾਲਪੁਰਾ | 03 |
| 9. | ਡਾ. ਨਛੱਤਰ ਪਾਲ | 32 |
| 10. | ਸ੍ਰੀ ਰਜ਼ਨੀਸ਼ ਕੁਮਾਰ ਦਹੀਯਾ | 23 |
| 11. | ਸਰਦਾਰ ਰੁਪਿੰਦਰ ਸਿੰਘ | 09 |
| 12. | ਡਾ. ਸੁਖਵਿੰਦਰ ਕੁਮਾਰ ਸੁੱਖੀ | 37 |
| 13. | *ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ | 08 |

*ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 180 (3) ਅਧੀਨ ਮਾਣਯੋਗ ਸਪੀਕਰ ਸਾਹਿਬ ਨੇ ਮਿਤੀ 05.06.2025 ਨੂੰ ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਮਾਣਯੋਗ ਐਮ.ਐਲ.ਏ. ਨੂੰ ਸਾਲ 2025-26 ਦੇ ਬਾਕੀ ਰਹਿੰਦੇ ਸਮੇਂ ਲਈ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ।

4. ਕਮੇਟੀ ਨੇ ਸਾਲ 2025-26 ਲਈ ਹੇਠ ਲਿਖੇ ਵਿਭਾਗਾਂ ਦੇ ਬਜਟ ਅਨੁਮਾਨਾਂ ਦੀ ਛਾਣ-ਬੀਣ ਕਰਨ ਲਈ ਚੋਣ ਕੀਤੀ: -

1. ਚੋਣਾਂ ਵਿਭਾਗ;
2. ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ;
3. ਗ੍ਰਹਿ ਮਾਮਲੇ ਵਿਭਾਗ;
4. ਊਰਜਾ (ਬਿਜਲੀ) ਵਿਭਾਗ;
5. ਲੋਕ ਨਿਰਮਾਣ ਵਿਭਾਗ;
6. ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ;
7. ਮਿੱਟੀ ਅਤੇ ਜਲ ਸੰਭਾਲ ਵਿਭਾਗ;
8. ਵਿਜੀਲੈਂਸ ਵਿਭਾਗ;
9. ਜਲ ਸਰੋਤ ਵਿਭਾਗ;

5. ਕਮੇਟੀ ਨੇ ਸਾਲ 2025-26 ਲਈ ਗਰਾਂਟਾਂ ਵਾਸਤੇ ਅਨੁਪੂਰਕ ਮੰਗਾਂ ਦੀ ਛਾਣ-ਬੀਣ ਕੀਤੀ ਅਤੇ ਇਸ ਦੇ ਸਬੰਧ ਵਿੱਚ ਸਬੰਧਤ ਵਿਭਾਗਾਂ ਦੇ ਪ੍ਰਤੀਨਿਧੀਆਂ ਦੀ ਜ਼ੁਬਾਨੀ ਪੁੱਛ-ਪੜਤਾਲ ਵੀ ਕੀਤੀ।

6. ਆਪਣੀਆਂ ਪਹਿਲੀਆਂ ਰਿਪੋਰਟਾਂ ਤੇ ਕੀਤੀ ਗਈ ਕਾਰਵਾਈ ਦਰਸਾਉਂਦੇ ਵਿਵਰਣਾਂ ਦੀ ਛਾਣ-ਬੀਣ- ਕਮੇਟੀ ਨੇ ਆਪਣੀਆਂ ਵੱਖ-ਵੱਖ ਰਿਪੋਰਟਾਂ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਨੂੰ ਲਾਗੂ ਕਰਨ ਲਈ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਦਰਸਾਉਂਦੇ ਵਿਵਰਣਾਂ ਦੀ ਛਾਣ-ਬੀਣ ਕੀਤੀ।

7. ਕੀਤੀਆਂ ਗਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਰ: -

ਮੀਟਿੰਗਾਂ ਦੀਆਂ ਮਿਤੀਆਂ, ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿੱਚ ਕੀਤੇ ਗਏ ਕੰਮ-ਕਾਰ ਦਾ ਵਿਵਰਣ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ:** | **ਮੀਟਿੰਗਾਂ ਦੀ ਮਿਤੀ** | **ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ** | **ਕੀਤਾ ਗਿਆ ਕੰਮ–ਕਾਰ** |
|---|---|---|---|
| **1** | **2** | **3** | **4** |
| 1. | 22 ਮਈ, 2025 | 05 | ਕਮੇਟੀ ਵੱਲੋਂ ਆਪਣੀ ਪਹਿਲੀ ਮੀਟਿੰਗ ਵਿੱਚ ਕਮੇਟੀ ਦੇ ਕੰਮ-ਕਾਰ ਅਤੇ ਕਾਰਜ-ਖੇਤਰ ਤੇ ਆਰੰਭਿਕ ਵਿਚਾਰ-ਵਟਾਂਦਾਰਾ ਕੀਤਾ ਗਿਆ। |
| 2. | 28 ਮਈ, 2025 | 05 | ਕਮੇਟੀ ਵੱਲੋਂ ਸਾਲ 2023-24 ਲਈ ਕਿਰਤ ਵਿਭਾਗ (ਕਿਰਤ ਸ਼ਾਖਾ) ਦੇ ਬਜਟ ਅਨੁਮਾਨਾਂ ਸਬੰਧੀ ਅਨੁਮਾਨ ਕਮੇਟੀ ਦੀ ਰਿਪੋਰਟ ਵਿੱਚ ਕੀਤੀਆਂ ਸਿਫਾਰਸ਼ਾਂ ਦੇ ਪੱਤਰ ਨੰ : Labour-Lab0BUDG/ 1/20223L/ 1/1033380/2025, ਮਿਤੀ 13.02.2025 ਰਾਹੀਂ ਪ੍ਰਾਪਤ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |

| | | | |
|---|---|---|---|
| 3. | 04 ਜੂਨ, 2025 | 05 | ਕਮੇਟੀ ਵੱਲੋਂ ਡਿਪਟੀ ਕਮਿਸ਼ਨਰ, ਜ਼ਿਲ੍ਹਾ ਮੋਗਾ ਅਤੇ ਸੀਨੀਅਰ ਪੁਲਿਸ ਕਪਤਾਨ, ਜ਼ਿਲ੍ਹਾ ਮੋਗਾ, ਪੰਜਾਬ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। |
| 4. | 09 ਜੁਲਾਈ, 2025 | 06 | ਕਮੇਟੀ ਵੱਲੋਂ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਮੀਮੋ ਨੰ : DFS-BFBOGENE/ 37/ 2025-BUDGET FUND/581, ਮਿਤੀ 12.06.2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 5. | 18 ਜੁਲਾਈ, 2025 | 06 | 1. ਕਮੇਟੀ ਵੱਲੋਂ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਮੀਮੋ ਨੰ: DFS-BFBOGENE/37/ 2025- BUDGETFUND/581, ਮਿਤੀ 12.06.2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।<br>2. ਕਮੇਟੀ ਵੱਲੋਂ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਤੋਂ ਪ੍ਰਾਪਤ ਸਮੱਗਰੀ ਦੀ ਛਾਣ-ਬੀਣ ਕਰਨ ਉਪਰੰਤ ਤਿਆਰ ਕੀਤੀ ਗਈ ਪ੍ਰਸ਼ਨਾਵਲੀ ਸਬੰਧਤ ਵਿਭਾਗ ਨੂੰ ਭੇਜਣ ਲਈ ਪ੍ਰਵਾਨਗੀ ਦਿੱਤੀ ਗਈ । |
| 6. | 23 ਜੁਲਾਈ, 2025 | 06 | ਕਮੇਟੀ ਵੱਲੋਂ ਜਲ ਸਰੋਤ ਵਿਭਾਗ, ਪੰਜਾਬ ਦੇ ਮੀਮੋ ਨੰ : WR-1RP3017/52/2025-3IP3/1/1144976/2025, ਮਿਤੀ 07-07-2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 7. | 29 ਜੁਲਾਈ, 2025 | 09 | ਕਮੇਟੀ ਦੇ ਮੈਂਬਰਾਂ ਵੱਲੋਂ ਕੀਤੀ ਜਾਣ ਵਾਲੀ ਮੀਟਿੰਗ ਸਬੰਧੀ ਆਪਸੀ ਵਿਚਾਰ-ਵਟਾਂਦਰਾ ਕੀਤਾ ਗਿਆ। |
| 8. | 30 ਜੁਲਾਈ, 2025 | 09 | ਕਮੇਟੀ ਵੱਲੋਂ ਜ਼ਿਲ੍ਹਾ ਮੋਗਾ, ਪੰਜਾਬ ਵਿੱਚ ਵੱਖ-ਵੱਖ ਵਿਭਾਗਾਂ ਦੇ ਫਰਵਰੀ, 2022 ਤੋਂ ਹੁਣ ਤੱਕ ਵੱਖ-ਵੱਖ ਸਕੀਮਾਂ ਅਧੀਨ ਪ੍ਰਾਪਤ ਫੰਡਾਂ ਦੇ ਵੇਰਵੇ, ਅਣ ਵਰਤੇ ਫੰਡਾਂ ਦੇ ਵੇਰਵੇ ਅਤੇ ਕੀਤੇ ਗਏ ਕੰਮਾਂ ਸਬੰਧੀ ਜ਼ਿਲ੍ਹੇ ਦੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। |
| 9. | 06 ਅਗਸਤ, 2025 | 04 | 1. ਕਮੇਟੀ ਵੱਲੋਂ ਪ੍ਰੋਜੈਕਟ ਡਾਇਰੈਕਟਰ, ਪੀ.ਆਈ.ਯੂ., ਜ਼ਿਲ੍ਹਾ ਲੁਧਿਆਣਾ, ਪੰਜਾਬ, ਐਨ.ਐਚ.ਏ.ਆਈ., ਐਸ.ਐਚ.ਏ.ਆਈ. ਆਫਿਸ, |

| | | | |
|---|---|---|---|
| | | | Km 7+500, ਲਾਡੋਵਾਲ ਬਾਈਪਾਸ, ਪਿੰਡ ਜੈਨਪੁਰ, ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।<br>2. ਕਮੇਟੀ ਵੱਲੋਂ ਜਲ ਸਰੋਤ ਵਿਭਾਗ, ਪੰਜਾਬ ਦੇ ਮੀਮੋ ਨੰ : WR-1RP3017/52/2025 3IP3/1/1144976/2025, ਮਿਤੀ 07-07-2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 10. | 13 ਅਗਸਤ, 2025 | 04 | ਕਮੇਟੀ ਵੱਲੋਂ ਭੂਮੀਂ ਅਤੇ ਜਲ ਸੰਭਾਲ ਵਿਭਾਗ, (ਖੇਤੀਬਾੜੀ), ਪੰਜਾਬ ਦੇ ਪੱਤਰ ਨੰ: A-FW-13013/6/ 2025-2 ਖਬ 3/8685, ਮਿਤੀ 18/06/2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕਰਨ ਅਤੇ ਨਾਲ ਹੀ ਇਸ ਸਬੰਧੀ ਪ੍ਰਸ਼ਨਾਵਲੀ ਤਿਆਰ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 11. | 27 ਅਗਸਤ, 2025 | 07 | 1. ਕਮੇਟੀ ਵੱਲੋਂ ਭੂਮੀਂ ਅਤੇ ਜਲ ਸੰਭਾਲ ਵਿਭਾਗ, (ਖੇਤੀਬਾੜੀ), ਪੰਜਾਬ ਦੇ ਪੱਤਰ ਨੰ: A-FW-13013/6/ 2025-2 ਖਬ 3/8685, ਮਿਤੀ 18/06/2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਤਿਆਰ ਕੀਤੀ ਗਈ ਪ੍ਰਸ਼ਨਾਵਲੀ ਸਬੰਧਤ ਵਿਭਾਗ ਨੂੰ ਭੇਜਣ ਲਈ ਪ੍ਰਵਾਨਗੀ ਦਿੱਤੀ ਗਈ। |
| 12. | 12 ਸਤੰਬਰ, 2025 | 08 | 1. ਮਾਣਯੋਗ ਸਭਾਪਤੀ ਜੀ ਨੇ ਕਮੇਟੀ ਦੀਆਂ ਮਿਤੀ 22.05.2025, 28.05.2025, 04.06.2025, 09.07.2025, 18.07.2025, 23.07.2025, 29.07.2025, 30.07.2025, 06.08.2025, 13.08.2025 ਅਤੇ 27.08.2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ ।<br>2. ਕਮੇਟੀ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, (ਆਰ.ਡੀ.ਈ. -4), ਵਿਕਾਸ ਭਵਨ, ਸੈਕਟਰ-62, ਮੋਹਾਲੀ, ਪੰਜਾਬ ਤੋਂ ਪ੍ਰਾਪਤ ਮੀਮੋ ਨੰ: 9/4/2025-4 ਆਰ.ਡੀ.ਈ.-4/9649, ਮਿਤੀ 18/08/2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |

| | | | |
|---|---|---|---|
| | | | 3. ਕਮੇਟੀ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਤੋਂ ਪ੍ਰਾਪਤ ਹੋਈ ਸਮੱਗਰੀ ਦੀ ਛਾਣ-ਬੀਣ ਕਰਨ ਉਪਰੰਤ ਤਿਆਰ ਕੀਤੀ ਗਈ ਪ੍ਰਸ਼ਨਾਵਲੀ ਸਬੰਧਤ ਵਿਭਾਗ ਨੂੰ ਭੇਜਣ ਲਈ ਪ੍ਰਵਾਨਗੀ ਦਿੱਤੀ ਗਈ। |
| 13. | 17 ਸਤੰਬਰ, 2025 | 06 | 1. ਕਮੇਟੀ ਵੱਲੋਂ ਮਿਤੀ 30.07.2025 ਨੂੰ ਜ਼ਿਲ੍ਹਾ ਮੋਗਾ, ਪੰਜਾਬ ਵਿਖੇ ਹੋਈ ਮੀਟਿੰਗ ਦੀ ਕਾਰਵਾਈ ਦੀਆਂ ਟੂਕਾਂ ਦੇ ਸਬੰਧ ਵਿੱਚ ਸਿੱਖਿਆ ਵਿਭਾਗ, ਪੰਜਾਬ ਤੋਂ ਪ੍ਰਾਪਤ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।<br><br>2. ਕਮੇਟੀ ਵੱਲੋਂ ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ -1 ਸ਼ਾਖਾ), ਪੰਜਾਬ ਵੱਲੋਂ ਪ੍ਰਾਪਤ ਪੱਤਰ ਨੰ: PWD-BR 1017/11/ 2025-1BR1/1171426, ਮਿਤੀ 12.08.2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ।<br><br>3. ਕਮੇਟੀ ਵੱਲੋਂ ਲੋਕ ਨਿਰਮਾਣ ਵਿਭਾਗ, ਪੰਜਾਬ ਤੋਂ ਪ੍ਰਾਪਤ ਸਮੱਗਰੀ ਦੀ ਛਾਣ-ਬੀਣ ਕਰਨ ਉਪਰੰਤ ਤਿਆਰ ਕੀਤੀ ਗਈ ਪ੍ਰਸ਼ਨਾਵਲੀ ਸਬੰਧਤ ਵਿਭਾਗ ਨੂੰ ਭੇਜਣ ਲਈ ਪ੍ਰਵਾਨਗੀ ਦਿੱਤੀ ਗਈ। |
| 14. | 03 ਅਕਤੂਬਰ, 2025 | 05 | 1. ਕਮੇਟੀ ਵੱਲੋਂ ਮਿਤੀ 30.07.2025 ਨੂੰ ਜ਼ਿਲ੍ਹਾ ਮੋਗਾ, ਪੰਜਾਬ ਵਿਖੇ ਹੋਈ ਮੀਟਿੰਗ ਦੀ ਕਾਰਵਾਈ ਦੀਆਂ ਟੂਕਾਂ ਦੇ ਸਬੰਧ ਵਿੱਚ ਸਿੱਖਿਆ ਵਿਭਾਗ, ਪੰਜਾਬ ਤੋਂ ਪ੍ਰਾਪਤ ਉੱਤਰਾਂ ਦੇ ਵਿਚਾਰ-ਵਟਾਂਦਰਾ ਕੀਤਾ ਗਿਆ।<br><br>2. ਕਮੇਟੀ ਵੱਲੋਂ ਚੋਣ ਵਿਭਾਗ, ਪੰਜਾਬ ਦੇ ਪੱਤਰ ਨੰ: ਚੋਣ 2025/ਬਜਟ 3973, ਮਿਤੀ 03/07/2025 ਦੇ ਸਬੰਧ ਵਿੱਚ ਸਾਲ 2022-23 ਤੋਂ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਸਬੰਧੀ ਪ੍ਰਸ਼ਨਾਵਲੀ ਤਿਆਰ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।<br><br>3. ਕਮੇਟੀ ਵੱਲੋਂ ਚੋਣ ਵਿਭਾਗ (ਲੋਕਲ ਬਾਡੀਜ਼ ਚੋਣਾਂ ਵਿੰਗ), ਪੰਜਾਬ ਦੇ ਮੀਮੋ ਨੰ: ELEC 8/26/2024-1EL/1152987/ 2025, ਮਿਤੀ 17-07-2025 ਦੇ ਸਬੰਧ ਵਿੱਚ ਸਾਲ 2022-23, 2023-2024 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਸਬੰਧੀ ਪ੍ਰਸ਼ਨਾਵਲੀ ਤਿਆਰ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 15. | 06 ਅਕਤੂਬਰ, 2025 | 04 | ਕਮੇਟੀ ਵੱਲੋਂ ਚੋਣ ਵਿਭਾਗ, (ਲੋਕਲ ਬਾਡੀਜ਼ ਚੋਣਾਂ ਵਿੰਗ), ਪੰਜਾਬ ਦੇ ਸਾਲ 2022-23, 2023-24 ਅਤੇ 2024-25 ਲਈ ਬਜਟ |

| | | | |
|---|---|---|---|
| | | | ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ- ਵਟਾਂਦਰਾ ਕੀਤਾ ਅਤੇ ਪ੍ਰਸ਼ਨਾਵਲੀ ਨੂੰ ਪ੍ਰਵਾਨਗੀ ਦਿੱਤੀ ਗਈ। |
| 16. | 07 ਅਕਤੂਬਰ, 2025 | 05 | ਕਮੇਟੀ ਵੱਲੋਂ ਚੌਕਸੀ ਵਿਭਾਗ, (ਚੌਕਸੀ-2 ਸ਼ਾਖਾ), ਪੰਜਾਬ ਦੇ ਮੀਮੋ ਨੰ: VD-V2021/03/2025-1V2/794, ਮਿਤੀ 29.07.2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 17. | 08 ਅਕਤੂਬਰ, 2025 | 05 | 1. ਕਮੇਟੀ ਵੱਲੋਂ ਗੋਆ ਵਿਧਾਨ ਸਭਾ, ਪਨਜਿਮ ਦਾ ਦੌਰਾ ਕੀਤਾ ਗਿਆ ਅਤੇ ਵਿਧਾਨ ਸਭਾ ਦੇ ਅਧਿਕਾਰੀਆਂ ਨਾਲ ਵਿਸਥਾਰ ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ ।<br>2. ਕਮੇਟੀ ਵੱਲੋਂ ਪੰਜਾਬ ਟੂਰਿਜ਼ਮ ਦੀ ਪੰਜਿਮ, ਗੋਆ ਵਿੱਚ ਸਥਿਤ ਹੋਲੀਡੇਅ ਇੰਨ, ਕਕਲੂ ਕਲੋਨੀ, Road No.2, Near Youth Hostel, ਮਿਰਾਮਰ, ਪਨਜਿਮ, ਗੋਆ ਦਾ ਮੌਕੇ ਤੇ ਅਧਿਐਨ ਕੀਤਾ ਗਿਆ। |
| 18. | 09 ਅਕਤੂਬਰ, 2025 | 04 | ਕਮੇਟੀ ਵੱਲੋਂ ਚੌਕਸੀ ਵਿਭਾਗ (ਚੌਕਸੀ-2 ਸਾਖਾ), ਪੰਜਾਬ ਦੇ ਮੀਮੋ ਨੰ: VD-V2021/03/2025-1V2/794, ਮਿਤੀ 29.07.2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਤਿਆਰ ਕੀਤੀ ਗਈ ਪ੍ਰਸ਼ਨਾਵਲੀ ਨੂੰ ਪ੍ਰਵਾਨਗੀ ਦਿੱਤੀ। |
| 19. | 30 ਅਕਤੂਬਰ, 2025 | 07 | ਕਮੇਟੀ ਵੱਲੋਂ ਗ੍ਰਹਿ ਮਾਮਲੇ ਵਿਭਾਗ, (ਗ੍ਰਹਿ-6 ਸ਼ਾਖਾ), ਪੰਜਾਬ ਦੇ ਮੀਮੋ ਨੰ: E 608951 Home-HM-60 PVS/ 5/2023-4H61/ 1166003/2025, ਮਿਤੀ 01.08.2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 20. | 31 ਅਕਤੂਬਰ, 2025 | 08 | ਕਮੇਟੀ ਵੱਲੋਂ ਗ੍ਰਹਿ ਮਾਮਲੇ ਵਿਭਾਗ (ਗ੍ਰਹਿ-6 ਸ਼ਾਖਾ), ਪੰਜਾਬ ਦੇ ਮੀਮੋ ਨੰ: E608951 Home-HM-60 PVS/5/2023-4H61/1166003/ 2025, ਮਿਤੀ 01.08.2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਸਕੱਤਰੇਤ ਵੱਲੋਂ ਤਿਆਰ ਕੀਤੀ ਗਈ ਪ੍ਰਸ਼ਨਾਵਲੀ ਕਮੇਟੀ ਸਾਹਮਣੇ ਪੇਸ਼ ਕੀਤੀ ਗਈ । ਕਮੇਟੀ ਨੇ ਚਾਹਿਆ ਕਿ ਵਿਭਾਗੀ ਸਮੱਗਰੀ ਦੀ |

| | | | |
|---|---|---|---|
| | | | ਦੁਬਾਰਾ ਤੋਂ ਘੋਖ ਕਰਕੇ ਤਿਆਰ ਕੀਤੀ ਗਈ ਪ੍ਰਸ਼ਨਾਵਲੀ ਦਾ ਡਰਾਫਟ ਕਮੇਟੀ ਦੀ ਅਗਲੀ ਮੀਟਿੰਗ ਵਿੱਚ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇ। |
| 21. | 06 ਨਵੰਬਰ, 2025 | 05 | ਕਮੇਟੀ ਵੱਲੋਂ ਗ੍ਰਹਿ ਮਾਮਲੇ ਵਿਭਾਗ (ਗ੍ਰਹਿ-6 ਸ਼ਾਖਾ), ਪੰਜਾਬ ਦੇ ਮੀਮੋ ਨੰ: E608951 HOME-HM-60 PVS/5/2023-4H61/1166003/2025, ਮਿਤੀ 01-08-2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 22. | 07 ਨਵੰਬਰ, 2025 | 05 | ਕਮੇਟੀ ਵੱਲੋਂ ਗ੍ਰਹਿ ਮਾਮਲੇ ਵਿਭਾਗ, (ਗ੍ਰਹਿ-6 ਸ਼ਾਖਾ), ਪੰਜਾਬ ਦੇ ਮੀਮੋ ਨੰ: E608951 HOME-HM-60PVS/5/2023-4H61/ 1166003/ 2025, ਮਿਤੀ 01-08-2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੋਂ ਤਿਆਰ ਕੀਤੀ ਪ੍ਰਸ਼ਨਾਵਲੀ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 23. | 13 ਨਵੰਬਰ, 2025 | 08 | ਕਮੇਟੀ ਵੱਲੋਂ ਮਿਤੀ 13/11/2025 ਨੂੰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਮੀਮੋ ਨੰ: ਸਟੈਨੋ/ਨੋਡਲ ਅਫਸਰ(ਅਨੁਮਾਨ ਕਮੇਟੀ)-2025/21, ਮਿਤੀ 19.09.2025 ਰਾਹੀਂ ਪ੍ਰਾਪਤ ਹੋਈ ਪ੍ਰਸ਼ਨਾਵਲੀ ਦੇ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 24. | 19 ਨਵੰਬਰ, 2025 | 04 | ਕਮੇਟੀ ਵੱਲੋਂ ਮਿਤੀ 19 ਨਵੰਬਰ, 2025 ਨੂੰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਮੀਮੋ ਨੰ: ਸਟੈਨੋ/ਨੋਡਲ ਅਫਸਰ (ਅਨੁਮਾਨ ਕਮੇਟੀ)-2025/21, ਮਿਤੀ 19.09.2025 ਰਾਹੀਂ ਪ੍ਰਾਪਤ ਹੋਈ ਪ੍ਰਸ਼ਨਾਵਲੀ ਦੇ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 25. | 26 ਨਵੰਬਰ, 2025 | 05 | ਕਮੇਟੀ ਵੱਲੋਂ ਮਿਤੀ 26 ਨਵੰਬਰ, 2025 ਨੂੰ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ (ਵਣ ਸ਼ਾਖਾ), ਪੰਜਾਬ ਦੇ ਪੱਤਰ ਨੰ : DFWLP-45/318/2025FORESTBRANCH/1/1214173/ 2025, ਮਿਤੀ 01.10.2025 ਰਾਹੀਂ ਸਾਲ 2024-25 ਲਈ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਦੇ ਬਜਟ ਅਨੁਮਾਨਾਂ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ/ਪ੍ਰੇਖਣਾਂ ਸਬੰਧੀ ਰਿਪੋਰਟ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |

| | | | |
|---|---|---|---|
| | | | ਕਮੇਟੀ ਵੱਲੋਂ ਗ੍ਰਿਹ ਮਾਮਲੇ ਵਿਭਾਗ, (ਗ੍ਰਿਹ-6 ਸ਼ਾਖਾ), ਪੰਜਾਬ ਦੇ ਮੀਮੋ ਨੰ: E608951 HOME-HM-60PVS/5/2023-4H61/ 1166003/ 2025, ਮਿਤੀ 01-08-2025 ਦੇ ਸਬੰਧ ਵਿੱਚ ਸਾਲ 2022-23, 2023-24 ਅਤੇ 2024-25 ਲਈ ਬਜਟ ਅਨੁਮਾਨਾਂ ਸਬੰਧੀ ਪ੍ਰਾਪਤ ਹੋਈ ਸਮੱਗਰੀ ਤੋਂ ਤਿਆਰ ਕੀਤੀ ਪ੍ਰਸ਼ਨਾਵਲੀ ਨੂੰ ਪ੍ਰਵਾਨਗੀ ਦਿੱਤੀ ਗਈ। |
| 26. | 15 ਦਸੰਬਰ, 2025 | 06 | ਕਮੇਟੀ ਵੱਲੋਂ ਮਿਤੀ 15/12/2025 ਨੂੰ ਜਲ ਸਰੋਤ ਵਿਭਾਗ, ਪੰਜਾਬ ਦੇ ਮੀਮੋ ਨੰ: WR-1RP3017/52/2025-31P3/1/ 1218538/2025, ਮਿਤੀ 09.10.2025 ਰਾਹੀਂ ਪ੍ਰਾਪਤ ਹੋਈ ਪ੍ਰਸ਼ਨਾਵਲੀ ਦੇ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 27. | 23 ਦਸੰਬਰ, 2025 | 08 | ਕਮੇਟੀ ਵੱਲੋਂ ਮਿਤੀ 23.12.2025 ਨੂੰ ਲੋਕ ਨਿਰਮਾਣ (ਭ ਤੇ ਮ) ਵਿਭਾਗ, ਪੰਜਾਬ ਦੇ ਮੀਮੋ ਨੰ: PWD-BR1017/41/2025-1BR1/ 1257956, ਮਿਤੀ 03.12.2025 ਰਾਹੀਂ ਪ੍ਰਾਪਤ ਹੋਈ ਪ੍ਰਸ਼ਨਾਵਲੀ ਦੇ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 28. | 02 ਜਨਵਰੀ, 2026 | 05 | ਕਮੇਟੀ ਵੱਲੋਂ ਭੂਮੀ ਅਤੇ ਜਲ ਸੰਭਾਲ ਵਿਭਾਗ, (ਖੇਤੀਬਾੜੀ), ਪੰਜਾਬ ਵੱਲੋਂ ਪ੍ਰਾਪਤ ਪੱਤਰ ਨੰ: A-FW-13013/ 6/ 2025- AGRI. 3/23264, ਮਿਤੀ 28/10/2025 ਰਾਹੀਂ ਪ੍ਰਾਪਤ ਹੋਈ ਪ੍ਰਸ਼ਨਾਵਲੀ ਦੇ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 29. | 06 ਜਨਵਰੀ, 2026 | 04 | ਕਮੇਟੀ ਵੱਲੋਂ ਸਹਿਕਾਰਤਾ ਵਿਭਾਗ, (ਸਹਿਕਾਰਤਾ-1 ਸ਼ਾਖਾ), ਪੰਜਾਬ ਦੇ ਮੀਮੋ ਨੰ: Coop-C1023/7/2023-C1(1)18872, ਮਿਤੀ 29/12/2025 ਰਾਹੀਂ ਪ੍ਰਾਪਤ ਹੋਏ ਪ੍ਰੇਖਣ ਦੇ ਜਵਾਬ ਤੇ ਅਤੇ ਡਿਪਟੀ ਕਮਿਸ਼ਨਰ, ਜ਼ਿਲ੍ਹਾ ਮੋਗਾ, ਪੰਜਾਬ ਵੱਲੋਂ ਪ੍ਰਾਪਤ ਹੋਈ ਰਿਪੋਰਟ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 30. | 20 ਜਨਵਰੀ, 2026 | 05 | 1. ਕਮੇਟੀ ਵੱਲੋਂ ਸ਼੍ਰੀ ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ. ਦੇ ਪਿਤਾ ਜੀ ਸ਼੍ਰੀ ਚੌਧਰੀ ਰਾਮ ਕਿਸ਼ਨ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਉਨ੍ਹਾਂ ਦੀ ਆਤਮਿਕ ਸ਼ਾਤੀ ਲਈ ਦੋ ਮਿੰਟ ਦਾ ਮੌਨ ਵੀ ਧਾਰਨ ਕੀਤਾ ।<br>2. ਮਾਣਯੋਗ ਸਭਾਪਤੀ ਜੀ ਨੇ ਕਮੇਟੀ ਦੀਆਂ ਮਿਤੀ 12.09.2025, 17.09.2025, 03.10.2025, 06.10.2025, 07.10.2025, 08.10.2025, 09.10.2025, 30.10.2025, 31.10.2025, 06.11.2025, 07.11.2025, 13.11.2025, 19.11.2025, |

| | | | |
|---|---|---|---|
| | | | 26.11.2025, 15.12.2025, 23.12.2025, 02.01.2026 ਅਤੇ 06.01.2026 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ।<br>3. ਕਮੇਟੀ ਵੱਲੋਂ ਸਹਿਕਾਰਤਾ ਵਿਭਾਗ, (ਸਹਿਕਾਰਤਾ-1 ਸ਼ਾਖਾ), ਪੰਜਾਬ ਦੇ ਮੀਮੋ ਨੰ: Coop-C1023/7/2023-C1(1) 18872, ਮਿਤੀ 29/12/2025 ਰਾਹੀਂ ਪ੍ਰਾਪਤ ਹੋਏ ਪ੍ਰੇਖਣ ਦੇ ਜਵਾਬ ਤੇ ਅਤੇ ਡਿਪਟੀ ਕਮਿਸ਼ਨਰ, ਜ਼ਿਲ੍ਹਾ ਮੋਗਾ, ਪੰਜਾਬ ਵੱਲੋਂ ਪ੍ਰਾਪਤ ਹੋਈ ਰਿਪੋਰਟ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 31. | 28 ਜਨਵਰੀ, 2026 | 04 | ਕਮੇਟੀ ਵੱਲੋਂ ਜਲ ਸਰੋਤ ਵਿਭਾਗ, ਪੰਜਾਬ ਦੇ ਮੀਮੋ ਨੰ: WR-IRP3017/52/2025 31P3/1/1288209/2026, ਮਿਤੀ 09.01.2026 ਰਾਹੀਂ ਪ੍ਰਾਪਤ ਹੋਏ ਜਵਾਬਾਂ ਤੇ ਵਿਚਾਰ-ਵਟਾਂਦਰਾ ਅਤੇ ਡਿਪਟੀ ਕਮਿਸ਼ਨਰ, ਜ਼ਿਲਾ ਮੋਗਾ ਵੱਲੋਂ ਪ੍ਰਾਪਤ ਹੋਈ ਰਿਪੋਰਟ ਤੇ ਹੋਰ ਵਿਚਾਰ-ਵਟਾਂਦਰਾ ਕੀਤਾ ਗਿਆ। |
| 32. | 29 ਜਨਵਰੀ, 2026 | 04 | ਕਮੇਟੀ ਵੱਲੋਂ ਜਲ ਸਰੋਤ ਵਿਭਾਗ ਦੇ ਮੀਮੋ ਨੰ: WR-IRP 3017/ 52/2025-31P3/1/1288209/2026, ਮਿਤੀ 09.01.2026 ਰਾਹੀਂ ਪ੍ਰਾਪਤ ਹੋਏ ਜਵਾਬਾਂ ਤੇ ਅਤੇ ਡਿਪਟੀ ਕਮਿਸ਼ਨਰ, ਜ਼ਿਲ੍ਹਾ ਮੋਗਾ, ਪੰਜਾਬ ਵੱਲੋਂ ਪ੍ਰਾਪਤ ਹੋਈ ਰਿਪੋਰਟ ਤੇ ਹੋਰ ਵਿਚਾਰ-ਵਟਾਂਦਰਾ ਕੀਤਾ ਗਿਆ । |
| 33. | 04 ਫਰਵਰੀ, 2026 | 04 | 1. ਕਮੇਟੀ ਵੱਲੋਂ ਜਲ ਸਰੋਤ ਵਿਭਾਗ, ਪੰਜਾਬ ਦੇ ਮੀਮੋ ਨੰ: WR-IRP3017/52/2025-31P3/1/1288209/2026, ਮਿਤੀ 09.01.2026 ਰਾਹੀਂ ਪ੍ਰਾਪਤ ਹੋਏ ਜਵਾਬਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 34. | 05 ਫਰਵਰੀ, 2026 | 04 | 1. ਕਮੇਟੀ ਵੱਲੋਂ ਜਲ ਸਰੋਤ ਵਿਭਾਗ, ਪੰਜਾਬ ਦੇ ਮੀਮੋ ਨੰ: WR-IRP3017/52/2025-31P3/1/1288209/2026, ਮਿਤੀ 09.10.2026 ਰਾਹੀਂ ਪ੍ਰਾਪਤ ਹੋਏ ਜਵਾਬਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।<br>2. ਕਮੇਟੀ ਵੱਲੋਂ ਭਾਖੜਾ ਡੈਮ, ਨੰਗਲ, ਜ਼ਿਲ੍ਹਾ ਰੋਪੜ ਦਾ ਦੌਰਾ ਕੀਤਾ ਅਤੇ ਇਸ ਦੌਰਾਨ ਬੀ.ਬੀ.ਐਮ.ਬੀ. ਦੇ ਸੀਨੀਅਰ ਅਧਿਕਾਰੀਆਂ ਨੇ ਭਾਖੜਾ ਡੈਮ ਸਬੰਧੀ ਸਾਲ ਦਰ ਸਾਲ ਹੋਏ ਨਿਰਮਾਣ ਕਾਰਜਾਂ ਅਤੇ ਇਸ ਦੇ ਸਮੁੱਚੇ ਇਤਿਹਾਸ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। |
| 35. | 10 ਫਰਵਰੀ, 2026 | 05 | ਕਮੇਟੀ ਵੱਲੋਂ ਜ਼ਿਲ੍ਹਾ ਲੁਧਿਆਣਾ, ਪੰਜਾਬ ਵਿੱਚ ਵੱਖ-ਵੱਖ ਵਿਭਾਗਾਂ ਦੇ ਫਰਵਰੀ, 2022 ਤੋਂ ਹੁਣ ਤੱਕ ਵੱਖ-ਵੱਖ ਸਕੀਮਾਂ ਅਧੀਨ ਪ੍ਰਾਪਤ ਫੰਡਾਂ ਤੇ ਵੇਰਵੇ, ਅਣ-ਵਰਤੇ ਫੰਡਾਂ ਦੇ ਵੇਰਵੇ, ਕੀਤੇ ਗਏ ਕੰਮ, ਐਨ.ਓ.ਸੀ. ਹੋਣ ਦੇ ਬਾਵਜੂਦ ਜ਼ਿਲ੍ਹਾ ਲੁਧਿਆਣਾ, ਪੰਜਾਬ ਅੰਦਰ ਪਿਛਲੇ ਸਮੇਂ ਦੌਰਾਨ ਰਜਿਸਟਰੀਆਂ ਨਾ ਹੋਣਾ, ਵਿਧਾਨ ਸਭਾ ਹਲਕਾ ਗਿੱਲ ਵਿੱਚ |

| | | | |
|---|---|---|---|
| | | | ਰੇਤ ਦੀਆਂ ਖੱਡਾਂ ਸਰਕਾਰੀ ਮਾਪ-ਦੰਡ ਦੇ ਹਿਸਾਬ ਨਾਲ ਨਾ ਚਲਾਉਣ ਸਬੰਧੀ ਆਪਸੀ ਵਿਚਾਰ-ਵਟਾਂਦਰਾ ਕੀਤਾ ਗਿਆ। |
| 36. | 11 ਫਰਵਰੀ, 2026 | 05 | ਕਮੇਟੀ ਵੱਲੋਂ ਡਿਪਟੀ ਕਮਿਸ਼ਨਰ, ਜ਼ਿਲ੍ਹਾ ਲੁਧਿਆਣਾ, ਪੰਜਾਬ ਵੱਲੋਂ ਮੀਟਿੰਗ ਦੇ ਇੰਤਜਾਮ ਨਾ ਕੀਤੇ ਜਾਣ ਕਾਰਨ ਰੋਸ ਵਜੋਂ ਮੀਟਿੰਗ ਨਾ ਕਰਨ ਦਾ ਫੈਸਲਾ ਕੀਤਾ ਗਿਆ। |
| 37. | 18 ਫਰਵਰੀ, 2026 | 08 | 1. ਕਮੇਟੀ ਵੱਲੋਂ ਸ੍ਰੀ ਹਿੰਮਾਂਸ਼ੂ ਜੈਨ, ਆਈ.ਏ.ਐਸ., ਡਿਪਟੀ ਕਮਿਸ਼ਨਰ, ਜ਼ਿਲ੍ਹਾ ਲੁਧਿਆਣਾ ਅਤੇ ਸ੍ਰੀ ਸਵਪਨ ਸ਼ਰਮਾ, ਆਈ.ਪੀ.ਐਸ., ਕਮਿਸ਼ਨਰ ਆਫ ਪੁਲਿਸ, ਲੁਧਿਆਣਾ, ਪੰਜਾਬ ਵੱਲੋਂ ਕਮੇਟੀ ਦੀ ਜ਼ਿਲ੍ਹਾ ਲੁਧਿਆਣਾ ਵਿੱਚ ਹੋਈ ਮੀਟਿੰਗ ਦੇ ਇੰਤਜਾਮ ਨਾ ਕੀਤੇ ਜਾਣ ਕਾਰਣ ਉਨ੍ਹਾਂ ਦਾ ਸ਼ਪਸ਼ਟੀਕਰਨ ਲਿਆ ਗਿਆ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ ਦੇ ਮੀਮੋ ਨੰ: 9/7/ 2025-4 ਆਰ.ਡੀ.ਈ.4/698, ਐਸ.ਏ.ਐਸ. ਨਗਰ, ਮਿਤੀ 04.02.2026 ਰਾਹੀਂ ਪ੍ਰਾਪਤ ਹੋਈ ਪ੍ਰਸ਼ਨਾਵਲੀ ਦੇ ਉੱਤਰਾਂ ਦੇ ਵਿਚਾਰ-ਵਟਾਂਦਰਾ ਕੀਤਾ ਗਿਆ।<br>2. ਕਮੇਟੀ ਨੇ ਮਿਤੀ 24 ਫਰਵਰੀ, 2026 ਨੂੰ ਸਕੱਤਰ, ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਅਤੇ ਕਮਿਸ਼ਨਰ, ਕਪੂਰਥਲਾ ਮਿਊਂਸਿਪਲ ਕਾਰਪੋਰੇਸ਼ਨ ਦੀ ਮੌਖਿਕ ਪ੍ਰੀਖਿਆ ਕਰਨ ਦਾ ਫੈਸਲਾ ਕੀਤਾ। |
| 38. | 24 ਫਰਵਰੀ, 2026 | 09 | 1. ਮਾਣਯੋਗ ਸਭਾਪਤੀ ਜੀ ਨੇ ਕਮੇਟੀ ਦੀਆਂ ਮਿਤੀ 20.01.2026, 28.01.2026, 29.01.2026, 04.02.2026, 05.02.2026, 10.02.2026, 11.02.2026 ਅਤੇ 18.02.2026 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ ।<br>2. ਅਨੁਮਾਨ ਕਮੇਟੀ ਦੀ ਮਿਤੀ 02.01.2026 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਜਵਾਬ ਪ੍ਰਾਪਤ ਨਾ ਹੋਣ ਤੇ ਸਥਾਨਕ ਸਰਕਾਰ ਵਿਭਾਗ, ਪੰਜਾਬ ਦੇ ਅਧਿਕਾਰੀਆਂ ਦੀ ਜੁਬਾਨੀ ਪੁੱਛ-ਪੜਤਾਲ ਕੀਤੀ ਗਈ। |
| 39. | 03 ਮਾਰਚ, 2026 | 05 | 1. ਅਨੁਮਾਨ ਕਮੇਟੀ ਦੀ ਮਿਤੀ 02.01.2026 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਪ੍ਰਾਪਤ ਹੋਏ ਜਵਾਬਾਂ ਤੇ ਸਥਾਨਕ ਸਰਕਾਰ ਵਿਭਾਗ, ਪੰਜਾਬ ਦੇ ਅਧਿਕਾਰੀਆਂ ਦੀ ਜੁਬਾਨੀ ਪੁੱਛ-ਪੜਤਾਲ ਕੀਤੀ ।<br>2. ਕਮੇਟੀ ਨੇ ਸਾਲ 2025-26 ਲਈ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਬਜਟ |

| | | | |
|---|---|---|---|
| | | | ਅਨੁਮਾਨਾਂ ਤੋਂ ਤਿਆਰ ਕੀਤੀ ਗਈ ਖਰੜਾ ਰਿਪੋਰਟ ਤੇ ਵਿਚਾਰ ਵਟਾਂਦਰਾ ਕੀਤਾ ਅਤੇ ਪ੍ਰਵਾਨਗੀ ਦਿੱਤੀ। |
| 40. | 08 ਮਾਰਚ, 2026 | 10 | ਕਮੇਟੀ ਦੇ ਮੈਂਬਰਾਂ ਵੱਲੋਂ ਸਾਲ 2025-26 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਬਾਰੇ ਗੈਰ-ਰਸਮੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਾਲ 2025-26 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਦੀ ਛਾਣ-ਬੀਣ ਅਤੇ ਸਬੰਧਤ ਵਿਭਾਗਾਂ ਦੇ ਪ੍ਰਤੀਨਿਧੀਆਂ ਦੀ ਮੌਖਿਕ ਪ੍ਰੀਖਿਆ ਕੀਤੀ ਗਈ। |

7. ਚੰਡੀਗੜ੍ਹ ਤੋਂ ਇਲਾਵਾ ਹੋਰ ਥਾਵਾਂ ਤੇ ਹੋਈਆਂ ਮੀਟਿੰਗਾਂ :-

ਕਮੇਟੀ ਦੀਆਂ ਚੰਡੀਗੜ੍ਹ ਤੋਂ ਬਾਹਰ ਹੋਈਆਂ ਮੀਟਿੰਗਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. ਜ਼ਿਲ੍ਹਾ ਮੋਗਾ : ਮਿਤੀ 04/06/2025, 29/07/2025, 30/07/2025, 06/11/2025 ਅਤੇ 07/11/2025
2. ਗੋਆ : ਮਿਤੀ 06/10/2025 ਤੋਂ 09/10/2025
3. ਸ੍ਰੀ ਅੰਮ੍ਰਿਤਸਰ ਸਾਹਿਬ : ਮਿਤੀ 30/10/2025 ਅਤੇ 31/10/2025
4. ਸਤਲੁਜ ਸਦਨ, ਨੰਗਲ, ਜ਼ਿਲ੍ਹਾ ਰੂਪਨਗਰ : ਮਿਤੀ 28/01/2026, 29/01/2026, 04/02/2026 ਅਤੇ 05/02/2026
5. ਜ਼ਿਲ੍ਹਾ ਲੁਧਿਆਣਾ : ਮਿਤੀ 10/02/2026 ਅਤੇ 11/02/2026

8. ਕਮੇਟੀ ਦੁਆਰਾ ਪੇਸ਼ ਕੀਤੀ ਗਈ ਰਿਪੋਰਟ :-

| **ਲੜੀ ਨੰ:** | **ਜਿਸ ਮਿਤੀ ਨੂੰ ਰਿਪੋਰਟ ਪੇਸ਼ ਕੀਤੀ ਗਈ।** | **ਰਿਪੋਰਟ ਦਾ ਵਿਸ਼ਾ** |
|---|---|---|
| 1 | 10 ਮਾਰਚ, 2026 | ਕਮੇਟੀ ਨੇ ਸਾਲ 2025-26 ਲਈ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ। |

ਕਮੇਟੀ ਦੀ ਮਿਤੀ 19/08/2025, 20/08/2025, 25/09/2025, 15/10/2025 ਅਤੇ 24/10/2025 ਨੂੰ ਕੋਰਮ ਪੂਰਾ ਨਾ ਹੋਣ ਕਾਰਣ ਮੀਟਿੰਗਾਂ ਨਹੀਂ ਹੋ ਸਕੀਆਂ ।

## ਸਰਕਾਰੀ ਕਾਰੋਬਾਰ ਕਮੇਟੀ
## ਚੋਣ ਅਤੇ ਬਣਤਰ

ਪੰਜਾਬ ਵਿਧਾਨ ਸਭਾ ਦੁਆਰਾ ਮਿਤੀ 28 ਮਾਰਚ, 2025 ਨੂੰ ਹੋਈ ਬੈਠਕ ਵਿੱਚ ਪਾਸ ਕੀਤੇ ਗਏ ਪ੍ਰਸਤਾਵ ਦੀ ਪੈਰਵੀ ਵਿੱਚ ਮਾਣਯੋਗ ਸਪੀਕਰ ਸਾਹਿਬ ਨੇ ਸਾਲ 2025-26 ਲਈ ਸਰਕਾਰੀ ਕਾਰੋਬਾਰ ਕਮੇਟੀ ਵਿੱਚ ਕੰਮ ਕਰਨ ਲਈ ਮਿਤੀ 19 ਮਈ, 2025 ਨੂੰ 13 ਮੈਂਬਰਾਂ ਨੂੰ ਨਾਮਜ਼ਦ ਕੀਤਾ।

2. ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184 (1) ਅਧੀਨ ਮਾਣਯੋਗ ਸਪੀਕਰ ਸਾਹਿਬ ਨੇ ਸਰਦਾਰ ਜਗਰੂਪ ਸਿੰਘ ਗਿੱਲ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ।

3. ਕਮੇਟੀ ਨੇ ਮਿਤੀ 08-03-2026 ਤੱਕ ਕੁੱਲ 17 ਮੀਟਿੰਗਾਂ ਕੀਤੀਆਂ। ਮੈਂਬਰਾਂ ਦੇ ਨਾਮ ਅਤੇ ਹਰ ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਏ, ਉਨ੍ਹਾਂ ਦੀ ਗਿਣਤੀ ਨਿਮਨਲਿਖਤ ਸਾਰਣੀ ਵਿੱਚ ਦਿੱਤੀ ਗਈ ਹੈ :-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1. | ਸਰਦਾਰ ਜਗਰੂਪ ਸਿੰਘ ਗਿੱਲ | 17 |
| 2. | ਡਾ. ਅਜੈ ਗੁਪਤਾ | 5 |
| 3. | ਸਰਦਾਰ ਅਜੀਤ ਪਾਲ ਸਿੰਘ ਕੋਹਲੀ | 6 |
| 4. | ਸ੍ਰੀ ਅਸ਼ੋਕ ਪਰਾਸ਼ਰ (ਪੱਪੀ) | 9 |
| 5. | ਸਰਦਾਰ ਬਲਕਾਰ ਸਿੰਘ | 1 |
| 6. | ਸਰਦਾਰ ਫੌਜਾ ਸਿੰਘ | 13 |
| 7. | ਸਰਦਾਰ ਗੁਰਦਿੱਤ ਸਿੰਘ ਸੇਖੋਂ | 14 |
| 8. | *ਡਾ. ਕਸ਼ਮੀਰ ਸਿੰਘ ਸੋਹਲ | 0 |
| 9. | ਸ੍ਰੀ ਮਦਨ ਲਾਲ ਬੱਗਾ | 9 |
| 10. | ਸ੍ਰੀ ਰਮਨ ਅਰੋੜਾ | 1 |
| 11. | ਸ੍ਰੀ ਸੰਦੀਪ ਜਾਖੜ | 1 |
| 12. | ਸਰਦਾਰ ਸੁਖਵੀਰ ਸਿੰਘ ਮਾਇਸਰਖਾਨਾ | 5 |
| 13. | ਸ੍ਰੀ ਵਿਕਰਮਜੀਤ ਸਿੰਘ ਚੌਧਰੀ | 2 |
| | *ਸਰਦਾਰ ਕੁਲਦੀਪ ਸਿੰਘ ਧਾਲੀਵਾਲ | 6 |

*ਸਰਦਾਰ ਕਸ਼ਮੀਰ ਸਿੰਘ ਸੋਹਲ, ਮੈਂਬਰ, ਸਰਕਾਰੀ ਕਾਰੋਬਾਰ ਕਮੇਟੀ ਦੇ ਮਿਤੀ 27 ਜੂਨ, 2025 ਨੂੰ ਅਕਾਲ ਚਲਾਣਾ ਕਰ ਜਾਣ ਕਾਰਨ ਉਨਾਂ ਦੀ ਖਾਲ੍ਹੀ ਹੋਈ ਥਾਂ ਤੇ ਮਾਣਯੋਗ ਸਪੀਕਰ ਸਾਹਿਬ ਦੁਆਰਾ ਮਿਤੀ 01 ਅਗਸਤ, 2025 ਤੋਂ *ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਐਮ.ਐਲ.ਏ. ਨੂੰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ

ਦੇ ਨਿਯਮ 180 ਦੇ ਉਪ ਨਿਯਮ (3) ਅਧੀਨ 01 ਅਗਸਤ, 2025 ਤੋਂ ਸਾਲ 2025-26 ਦੇ ਬਾਕੀ ਰਹਿੰਦੇ ਸਮੇਂ ਲਈ ਸਰਕਾਰੀ ਕਾਰੋਬਾਰ ਕਮੇਟੀ ਵਿੱਚ ਕੰਮ-ਕਾਰ ਕਰਨ ਲਈ ਮੈਂਬਰ ਨਾਮਜ਼ਦ ਕੀਤਾ ਗਿਆ।

**4. ਆਮ ਕੰਮ-ਕਾਰ ਦੀ ਜਾਂਚ ਪੜਤਾਲ**

ਸਰਕਾਰੀ ਕਾਰੋਬਾਰ ਕਮੇਟੀ ਨੇ ਆਪਣੀ ਮਿਤੀ 09 ਜੁਲਾਈ, 2025 ਨੂੰ ਹੋਈ ਮੀਟਿੰਗ ਵਿੱਚ ਨਿਮਨਲਿਖਤ ਬੋਰਡਾਂ/ਕਾਰਪੋਰੇਸ਼ਨਾਂ ਨੂੰ ਉਨ੍ਹਾਂ ਦੇ ਆਮ ਕੰਮ-ਕਾਰ ਦੀ ਜਾਂਚ-ਪੜਤਾਲ ਕਰਨ ਲਈ ਚੁਣਿਆ :

1) ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ),
2) ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ),
3) ਪੰਜਾਬ ਟੂਰਿਜ਼ਮ ਡਿਵੈਂਲਪਮੈਂਟ ਕਾਰਪੋਰੇਸ਼ਨ,
4) ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ,
5) ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ।

**5. ਆਡਿਟ ਪੈਰ੍ਹਿਆਂ ਦੀ ਜਾਂਚ-ਪੜਤਾਲ**

ਕਮੇਟੀ ਨੇ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੀਆਂ ਰਿਪੋਰਟਾਂ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਵਿੱਚ ਦਰਜ ਵੱਖ-ਵੱਖ ਬੋਰਡਾਂ/ਕਾਰਪੋਰੇਸ਼ਨਾਂ ਨਾਲ ਸਬੰਧਤ ਆਡਿਟ ਪੈਰ੍ਹਿਆਂ ਦੇ ਸਰਕਾਰ ਵੱਲੋਂ ਪ੍ਰਾਪਤ ਹੋਏ ਉੱਤਰਾਂ ਦੀ ਛਾਣ ਬੀਣ ਕੀਤੀ।

**6. ਕਮੇਟੀ ਦੁਆਰਾ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਤੇ ਕੀਤੀ ਗਈ ਕਾਰਵਾਈ ਦਰਸਾਉਂਦੇ ਵਿਵਰਣਾਂ ਦੀ ਛਾਣ-ਬੀਣ**

ਕਮੇਟੀ ਨੇ ਇਸ ਦੀਆਂ ਵੱਖ-ਵੱਖ ਰਿਪੋਰਟਾਂ ਵਿੱਚ ਦਰਜ਼ ਸਿਫਾਰਸ਼ਾਂ/ਪ੍ਰੇਖਣਾਂ ਨੂੰ ਲਾਗੂ ਕਰਨ ਲਈ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਦਰਸਾਉਂਦੇ ਵਿਵਰਣਾਂ ਦੀ ਛਾਣ-ਬੀਣ ਕੀਤੀ।

**7. ਕੀਤੀਆਂ ਗਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਰ**

ਮੀਟਿੰਗਾਂ ਦੀਆਂ ਮਿਤੀਆਂ, ਹਾਜ਼ਰ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿੱਚ ਕੀਤੇ ਗਏ ਕੰਮ-ਕਾਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | **ਮੀਟਿੰਗ ਦੀ ਮਿਤੀ** | **ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ** | **ਕੀਤਾ ਗਿਆ ਕੰਮ-ਕਾਰ** |
|---|---|---|---|
| 1. | 24.06.2025 | 04 | 1. ਕਮੇਟੀ ਨੇ ਆਪਣੀ ਮੀਟਿੰਗ ਦੌਰਾਨ ਕਮੇਟੀ ਦੇ ਕਾਰਜ ਖੇਤਰ ਅਤੇ ਕੰਮ ਕਾਜ ਸਬੰਧੀ ਵਿਸਥਾਰ ਪੂਰਵਰ ਵਿਚਾਰ ਵਟਾਂਦਰਾ ਕੀਤਾ।<br>2. ਕਮੇਟੀ ਨੇ ਸਾਬਕਾ ਕੇਂਦਰੀ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣਾ ਕਰ ਜਾਣ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਨਾਲ ਹੀ ਅਹਿਮਦਾਬਾਦ ਤੋਂ ਲੰਡਨ ਜਾ ਰਹੀ ਏਅਰ ਇੰਡੀਆ ਦੇ |

| | | | |
|---|---|---|---|
| | | | ਜਹਾਜ਼ ਦੇ ਕਰੈਸ਼ ਹੋਣ ਤੇ ਦੁੱਖ ਪ੍ਰਗਟ ਕੀਤਾ ਅਤੇ 2 ਮਿੰਟ ਦਾ ਮੌਨ ਧਾਰਨ ਕੀਤਾ।<br>3. ਕਮੇਟੀ ਨੇ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਨਾਲ ਸਬੰਧਤ ਸਾਲ 2016-17 ਦੀ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 3.7, 3.7.1, 3.7.2, 3.7.3, 3.7.4, 3.7.5, 3.7.6, 3.8 ਅਤੇ 3.9 ਦੇ (ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ) ਦੇ ਪ੍ਰਾਪਤ ਹੋਏ ਉੱਤਰਾਂ ਤੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਵਿਚਾ**ਰ-**ਵਟਾਂਦਰਾ ਕੀਤਾ। |
| 2. | 02.07.2025 | 04 | 1. ਕਮੇਟੀ ਨੇ ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ., ਜੋ ਕਿ ਕਮੇਟੀ ਦੇ ਮੈਂਬਰ ਵੀ ਸਨ, ਉਨ੍ਹਾਂ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ 2 ਮਿੰਟ ਦਾ ਮੌਨ ਧਾਰਨ ਕੀਤਾ।<br>2. ਕਮੇਟੀ ਨੇ ਸਰਕਾਰੀ ਕਾਰੋਬਾਰ ਕਮੇਟੀ ਦੀ ਸਾਲ 2017-18 ਦੇ ਆਡਿਟ ਪੈਰ੍ਹਿਆਂ ਨਾਲ ਸਬੰਧਤ 120ਵੀਂ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਦੇ ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਿਡ (ਪਨਬਸ) ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਹੋਰ ਸਿਫਾਰਸ਼ਾਂ ਵੀ ਕੀਤੀਆਂ । |
| 3. | 09.07.2025 | 04 | ਕਮੇਟੀ ਨੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਸਾਲ 2016-17 ਦੀ ਰਿਪੋਰਟ ਵਿੱਚ ਦਰਜ ਪੰਜਾਬ ਸਟੇਟ ਗ੍ਰੇਨਜ਼ ਪ੍ਰਕਿਉਰਮੈਂਟ ਕਾਰਪੋਰੇਸ਼ਨ ਲਿਮਟਿਡ (ਪਨਗਰੇਨ), ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ (ਪਨਸਪ), ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਰਾਜ ਗੁਦਾਮ ਕਾਰਪੋਰੇਸ਼ਨ ਲਿਮਟਿਡ ਨਾਲ ਸਬੰਧਤ ਪੈਰ੍ਹਾ ਨੰ: 3.7 ਤੋਂ 3.9 ਤੱਕ ਦੇ ਉੱਤਰਾਂ ਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਅਤੇ ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਗ੍ਰੇਨਜ਼ ਪ੍ਰਕਿਉਰਮੈਂਟ ਕਾਰਪੋਰੇਸ਼ਨ ਲਿਮਟਿਡ (ਪਨਗ੍ਰੇਨ) ਅਤੇ ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ (ਪਨਸਪ) ਦੀ ਮੌਖਿਕ ਪ੍ਰੀਖਿਆ ਕੀਤੀ ਅਤੇ ਸਿਫਾਰਸ਼ਾਂ/ ਪ੍ਰੇਖਣ ਕੀਤੇ। |
| 4. | 15.07.2025 | 05 | 1. ਕਮੇਟੀ ਨੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਸਾਲ 2015-16 ਦੀ ਰਿਪੋਰਟ ਵਿੱਚ ਦਰਜ਼ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨਾਲ ਸਬੰਧਤ |

| | | | |
|---|---|---|---|
| | | | ਪੈਰ੍ਹਿਆਂ ਤੇ ਮਿਤੀ 31 ਜੁਲਾਈ, 2023 ਨੂੰ ਹੋਈ ਮੀਟਿੰਗ ਵਿੱਚ ਕੀਤੇ ਗਏ ਪ੍ਰੇਖਣਾਂ ਸਬੰਧੀ ਪੈਰ੍ਹਾ ਨੰ: 3.2.2.2, 3.1.3.1, 3.1.3.2, 3.1.3.3, 3.1.3.4, 3.1.3.5 ਅਤੇ 3.1.4 ਸਬੰਧੀ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕੁੱਝ ਪੈਰ੍ਹੇ ਡਰਾਪ ਕੀਤੇ ਅਤੇ ਕੁੱਝ ਹੋਰ ਸਿਫਾਰਸ਼ਾਂ ਵੀ ਕੀਤੀਆਂ।<br>2. ਕਮੇਟੀ ਨੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਸਾਲ 2016-17 ਦੀ ਰਿਪੋਰਟ ਵਿੱਚ ਦਰਜ ਪੰਜਾਬ ਐਗਰੋ ਜੂਸਿਜ਼ ਲਿਮਟਿਡ ਨਾਲ ਸਬੰਧਤ ਪੈਰ੍ਹੇ ਤੇ ਮਿਤੀ 15 ਜਨਵਰੀ, 2025 ਨੂੰ ਹੋਈ ਮੀਟਿੰਗ ਵਿੱਚ ਕੀਤੇ ਗਏ ਪ੍ਰੇਖਣ ਤੇ ਪੈਰ੍ਹਾ ਨੰ: 3.17 ਸਬੰਧੀ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>3. ਕਮੇਟੀ ਨੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਸਾਲ 2019-20 ਦੀ ਰਿਪੋਰਟ ਵਿੱਚ ਦਰਜ ਪੰਜਾਬ ਐਗਰੀ ਐਕਸਪੋਰਟ ਲਿਮਟਿਡ ਨਾਲ ਸਬੰਧਤ ਪੈਰ੍ਹਾ : ਨੰ. 2.7 ਸਬੰਧੀ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 5. | 22.07.2025 | 05 | ਕਮੇਟੀ ਨੇ ਭਾਰਤ ਦੇ ਲੇਖਾ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਨਾਲ ਸਬੰਧਤ ਸਾਲ 2019-20 ਦੀ ਰਿਪੋਰਟ ਨੰ: 5 ਅਤੇ ਸਾਲ 2020-21 ਦੀ ਰਿਪੋਰਟ ਨੰ: 3 ਅਤੇ ਕਮੇਟੀ ਦੀ 119ਵੀਂ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ : 1 ਅਤੇ 5 ਦੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਪ੍ਰਾਪਤ ਹੋਏ ਉੱਤਰਾਂ ਤੇ ਵਿਭਾਗੀ/ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 6. | 29.07.2025 | 04 | ਕਮੇਟੀ ਨੇ ਭਾਰਤ ਦੇ ਲੇਖਾ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਨਾਲ ਸਬੰਧਤ ਸਾਲ 2017-18 ਦੇ ਪੈਰ੍ਹਿਆਂ ਤੇ ਕਮੇਟੀ ਦੀ 121ਵੀਂ ਰਿਪੋਰਟ ਵਿੱਚ ਦਰਜ ਪੈਰ੍ਹਿਆਂ ਤੇ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਅਤੇ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਭਾਗੀ/ਕਾਰਪੋਰੇਸ਼ਨ ਦੇ ਅਧਿਕਾਰੀਆਂ ਦੀ ਮੌਖਿਕ ਪ੍ਰੀਖਿਆ ਕੀਤੀ। |
| 7. | 12.08.2025 | 05 | ਕਮੇਟੀ ਨੇ ਭਾਰਤ ਦੇ ਲੇਖਾ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਨਾਲ ਸਬੰਧਤ ਸਾਲ 2017-18 ਵਿੱਚ ਦਰਜ |

| | | | |
|---|---|---|---|
| | | | ਪੈਰ੍ਹਾ ਨੰ: 2.10 ਅਤੇ 2.11, 2019-20 ਦੀ ਰਿਪੋਰਟ ਨੰ: 5 ਅਤੇ 6 ਵਿੱਚ ਦਰਜ ਪੈਰ੍ਹੇ, 2020-21 ਦੀ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 5.2.3 ਤੋਂ 5.2.5.2 ਤੱਕ ਅਤੇ 2021-22 ਦੀ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 7.7 ਦੇ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ.ਐਸ. ਟੀ.ਸੀ.ਐਲ.) ਤੋਂ ਪ੍ਰਾਪਤ ਹੋਏ ਉੱਤਰਾਂ ਤੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਹੋਰ ਸਿਫਾਰਸ਼ਾਂ ਵੀ ਕੀਤੀਆਂ। |
| 8. | 19.08.2025 | 07 | ਕਮੇਟੀ ਨੇ ਭਾਰਤ ਦੇ ਲੇਖਾ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਨਾਲ ਸਬੰਧਤ ਸਾਲ 2015-16 ਦੇ ਪੈਰ੍ਹਾ ਨੰ: 3.6 ਅਤੇ 3.10, ਸਾਲ 2018-19 ਦੇ ਪੈਰ੍ਹਾ ਨੰ: 5.1, ਸਾਲ 2019-20 ਦੇ ਪੈਰ੍ਹਾ ਨੰ: 2.10, ਸਾਲ 2020-21 ਦੇ ਪੈਰ੍ਹਾ ਨੰ: 8.4 ਅਤੇ ਸਾਲ 2021-22 ਦੇ ਪੈਰ੍ਹਾ ਨੰ: 7.9 ਦੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਹੋਰ ਸਿਫਾਰਸ਼ਾਂ ਵੀ ਕੀਤੀਆਂ। |
| 9. | 16.09.2025 | 07 | 1. ਕਮੇਟੀ ਨੇ ਸਰਕਾਰੀ ਕਾਰੋਬਾਰ ਕਮੇਟੀ ਦੀ ਸਾਲ 2016-17 ਦੇ ਆਡਿਟ ਪੈਰ੍ਹਿਆਂ ਤੇ 122ਵੀਂ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 4, 5 ਅਤੇ 6 ਦੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਸਰਕਾਰੀ ਕਾਰੋਬਾਰ ਕਮੇਟੀ ਦੀ 15 ਜੁਲਾਈ, 2025 ਨੂੰ ਹੋਈ ਮੀਟਿੰਗ ਵਿੱਚ ਪੰਜਾਬ ਐਗਰੋ ਜੂਸਿਜ਼ ਲਿਮਟਿਡ ਦੇ ਪੈਰ੍ਹਾ ਨੰ: 3.17 ਅਤੇ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਦੇ ਪੈਰ੍ਹਾ ਨੰ: 2.7 ਦੇ ਪ੍ਰਾਪਤ ਹੋਏ ਉੱਤਰਾਂ ਤੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।<br>3. ਕਮੇਟੀ ਨੇ ਸਰਕਾਰੀ ਕਾਰੋਬਾਰ ਕਮੇਟੀ ਦੀ 117ਵੀਂ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਤੇ ਕਮੇਟੀ ਦੀ ਮਿਤੀ 24 ਜਨਵਰੀ, 2024 ਨੂੰ ਹੋਈ ਮੀਟਿੰਗ ਵਿੱਚ ਮੰਗੀ ਗਈ ਸੂਚਨਾ ਤੇ ਪੈਰ੍ਹਾ ਨੰ: 5 ਅਤੇ 9 ਦੇ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਲਿਮਟਿਡ ਦੇ ਪ੍ਰਾਪਤ ਹੋਏ ਉੱਤਰਾਂ ਤੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 10. | 30.09.2025 | 05 | ਕਮੇਟੀ ਨੇ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨਾਲ ਸਬੰਧਤ ਸਾਲ 2025-26 ਦੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਪ੍ਰਸ਼ਨਾਵਲੀ ਤਿਆਰ ਕੀਤੀ। |
| 11. | 08.10.2025 | 04 | 1. ਕਮੇਟੀ ਨੇ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨਾਲ ਸਬੰਧਤ ਸਾਲ 2025-26 ਦੀ ਤਿਆਰ ਕੀਤੀ ਪ੍ਰਸ਼ਨਾਵਲੀ ਨੂੰ ਪ੍ਰਵਾਨਗੀ ਦਿੱਤੀ।<br>2. ਕਮੇਟੀ ਨੇ ਪੰਜਾਬ ਰਾਜ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਪੰਜਾਬ ਰਾਜ ਟੂਰਿਜ਼ਮ ਅਤੇ ਵਿਕਾਸ ਕਾਰਪੋਰੇਸ਼ਨ ਦੀ ਪ੍ਰਾਪਤ ਹੋਈ ਸਮੱਗਰੀ ਦੇ ਅਧਾਰ ਤੇ ਤਿਆਰ ਕੀਤੀ ਖਰੜਾ ਪ੍ਰਸ਼ਨਾਵਲੀ ਨੂੰ ਪ੍ਰਵਾਨਗੀ ਦਿੱਤੀ। |
| 12. | 14.10.2025 | 04 | ਕਮੇਟੀ ਨੇ ਭਾਰਤ ਦੇ ਲੇਖਾ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਨਾਲ ਸਬੰਧਤ ਸਾਲ 2017-18 ਦੀ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 2.6, ਸਾਲ 2019-20 ਦੀ ਰਿਪੋਰਟ ਨੰ: 6 ਵਿੱਚ ਦਰਜ ਪੈਰਾ ਨੰ: 3.2.3, ਸਾਲ 2021-22 ਦੀ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 7.1, 7.2, 7.3, 7.5 ਅਤੇ ਪੰਜਾਬ ਵਿਧਾਨ ਸਭਾ ਦੀ ਸਰਕਾਰੀ ਕਾਰੋਬਾਰ ਕਮੇਟੀ ਦੀ 122ਵੀਂ ਰਿਪੋਰਟ ਵਿੱਚ ਦਰਜ ਪੈਰ੍ਹਾ ਨੰ: 10 ਦੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਪ੍ਰਾਪਤ ਹੋਏ ਉੱਤਰਾਂ ਤੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 13. | 12.11.2025 | 05 | 1. ਕਮੇਟੀ ਨੇ ਪੰਜਾਬ ਵਿਧਾਨ ਸਭਾ ਦੀ ਸਰਕਾਰੀ ਕਾਰੋਬਾਰ ਕਮੇਟੀ ਦੀ 123ਵੀਂ ਰਿਪੋਰਟ ਵਿੱਚ ਦਰਜ਼ ਸਿਫਾਰਸ਼ਾਂ ਦੇ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ ਵੱਲੋਂ ਭੇਜੇ ਗਏ ਉੱਤਰਾਂ ਤੇ ਸਬੰਧਤ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਆਡਿਟ ਵਿਭਾਗ ਵੱਲੋਂ ਸੂਚਨਾ ਲਈ ਭੇਜੇ ਗਏ ਵੱਖ-ਵੱਖ ਪੱਤਰਾਂ ਨੂੰ ਨੋਟ ਕੀਤਾ। |
| 14. | 31.12.2025 | 04 | ਕਮੇਟੀ ਨੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨਾਲ ਸਬੰਧਤ ਸਾਲ 2025-26 ਦੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਅਤੇ ਪ੍ਰਸ਼ਨਾਵਲੀ ਤਿਆਰ ਕੀਤੀ ਅਤੇ ਪ੍ਰਵਾਨਗੀ ਦਿੱਤੀ। |

| | | | |
|---|---|---|---|
| 15. | 07.01.2026 | 04 | ਕਮੇਟੀ ਨੇ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਨਾਲ ਸਬੰਧਤ ਸਾਲ 2025-26 ਦੀ ਪ੍ਰਾਪਤ ਹੋਈ ਸਮੱਗਰੀ ਤੇ ਵਿਚਾਰ-ਵਟਾਂਦਰਾ ਅਤੇ ਪ੍ਰਸ਼ਨਾਵਲੀ ਤਿਆਰ ਕੀਤੀ ਅਤੇ ਪ੍ਰਵਾਨਗੀ ਦਿੱਤੀ। |
| 16. | 21.01.2026 | 04 | ਕਮੇਟੀ ਨੇ ਪੰਜਾਬ ਟੂਰਿਜ਼ਮ ਡਿਵੈਂਲਪਮੈਂਟ ਕਾਰਪੋਰੇਸ਼ਨ ਨਾਲ ਸਬੰਧਤ ਸਾਲ 2025-26 ਦੀ ਪ੍ਰਾਪਤ ਹੋਈ ਸਮੱਗਰੀ ਤੋਂ ਕਮੇਟੀ ਦੁਆਰਾ ਤਿਆਰ ਕੀਤੀ ਗਈ ਪ੍ਰਸ਼ਨਾਵਲੀ ਦੇ ਪੰਜਾਬ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸਿਫਾਰਸ਼ਾਂ ਕੀਤੀਆਂ। |
| 17. | 08.03.2026 | 12 | 1. ਕਮੇਟੀ ਨੇ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਦੀ ਸਮੱਗਰੀ ਤੋਂ ਕਮੇਟੀ ਦੁਆਰਾ ਤਿਆਰ ਕੀਤੀ ਗਈ ਪ੍ਰਸ਼ਨਾਵਲੀ ਦੇ ਪੰਜਾਬ ਊਰਜਾ ਵਿਕਾਸ ਏਜੰਸੀ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਸਿਫਾਰਸ਼ਾਂ ਕੀਤੀਆਂ।<br>2. ਕਮੇਟੀ ਦੀ 127ਵੀਂ ਅਤੇ 128ਵੀਂ ਰਿਪੋਰਟ ਦੇ ਖਰੜੇ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਰਿਪੋਰਟਾਂ ਨੂੰ ਪ੍ਰਵਾਨਗੀ ਦਿੱਤੀ ਗਈ।<br>3. ਕਮੇਟੀ ਨੇ ਆਡਿਟ ਵਿਭਾਗ ਵੱਲੋਂ ਸੂਚਨਾ ਲਈ ਭੇਜੇ ਗਏ ਵੱਖ-ਵੱਖ ਪੱਤਰਾਂ ਨੂੰ ਨੋਟ ਕੀਤਾ।<br>4. ਕਮੇਟੀ ਨੇ ਸਾਲ 2025-26 ਦੌਰਾਨ ਮਿਤੀ 24.06.2025, 02.07.2025, 09.07.2025, 15.07.2025, 22.07.2025, 29.07.2025, 12.08.2025, 19.08.2025, 16.09.2025, 30.09.2025, 08.10.2025, 14.10.2025, 12.11.2025, 31.12.2025, 07.01.2026, 21.01.2026 ਅਤੇ 08.03.2026 ਨੂੰ ਹੋਈਆਂ ਆਪਣੀਆਂ ਮੀਟਿੰਗਾਂ ਵਿੱਚ ਕੀਤੇ ਕੰਮ-ਕਾਰ ਦੀ ਪੁਸ਼ਟੀ ਕੀਤੀ। |

ਕਮੇਟੀ ਦੀਆਂ ਮਿਤੀ 09.06.2025, ਮਿਤੀ 05.08.2025, ਮਿਤੀ 23.09.2025, ਮਿਤੀ 18.11.2025, ਮਿਤੀ 02.12.2025, ਮਿਤੀ 28.01.2026 ਅਤੇ ਮਿਤੀ 18.02.2026 ਨੂੰ ਹੋਈਆਂ 7 ਮੀਟਿੰਗਾਂ ਦਾ ਕੋਰਮ ਪੂਰਾ ਨਾ ਹੋਣ ਕਰਕੇ ਨਹੀਂ ਹੋ ਸਕੀਆਂ।

9. **ਕਮੇਟੀ ਨੇ ਨਿਮਨਲਿਖਤ ਰਿਪੋਰਟਾਂ ਪੇਸ਼ ਕੀਤੀਆਂ:**

| **ਲੜੀ ਨੰ:** | **ਰਿਪੋਰਟਾਂ, ਜਿਸ ਮਿਤੀ ਨੂੰ ਪੇਸ਼ ਕੀਤੀਆਂ ਗਈਆਂ** | **ਰਿਪੋਰਟਾਂ ਦਾ ਵਿਸ਼ਾ** |
|---|---|---|

| | | |
|---|---|---|
| 1. | 11 ਮਾਰਚ, 2026 | ਪੰਜਾਬ ਟੂਰਿਜ਼ਮ ਡਿਵੈਂਲਪਮੈਂਟ ਕਾਰਪੋਰੇਸ਼ਨ ਲਿਮਟਿਡ ਦੇ ਸਾਲ (2025-26) ਦੇ ਆਮ ਕੰਮ-ਕਾਰ ਸਬੰਧੀ 127ਵੀਂ ਰਿਪੋਰਟ। |
| 2. | 11 ਮਾਰਚ, 2026 | ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਦੇ ਸਾਲ ( 2025-26) ਦੇ ਆਮ ਕੰਮ-ਕਾਰ ਸਬੰਧੀ 128ਵੀਂ ਰਿਪੋਰਟ। |

## ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ

## ਚੋਣ ਅਤੇ ਬਣਤਰ

1. ਪੰਜਾਬ ਵਿਧਾਨ ਸਭਾ ਦੀ 13 ਮੈਂਬਰੀ ਕਮੇਟੀ ਮਿਤੀ 28 ਮਾਰਚ, 2025 ਨੂੰ ਸਦਨ ਵਿਚ ਪਾਸ ਕੀਤੇ ਪ੍ਰਸਤਾਵ ਦੀ ਪੈਰਵੀ ਵਿੱਚ ਮਾਣਯੋਗ ਸਪੀਕਰ ਸਾਹਿਬ ਦੁਆਰਾ ਅਧਿਸੂਚਨਾ ਨੰ: 1-ਭ.ਕ.ਸ. 2025-26/28, ਮਿਤੀ 19 ਮਈ, 2025 ਰਾਹੀਂ ਨਾਮਜ਼ਦ ਕੀਤੀ ਗਈ ਸੀ।

2. ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184(1) ਅਧੀਨ ਸਪੀਕਰ ਸਾਹਿਬ ਨੇ ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ।

3. ਕਮੇਟੀ ਨੇ ਕੁੱਲ 39 ਮੀਟਿੰਗਾਂ ਕੀਤੀਆਂ।

ਮਾਣਯੋਗ ਮੈਂਬਰਾਂ ਦੇ ਨਾਮ ਅਤੇ ਹਰ ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿਚ ਹਾਜ਼ਰ ਹੋਇਆ, ਉਨ੍ਹਾਂ ਦੀ ਗਿਣਤੀ ਹੇਠਾਂ ਸਾਰਣੀ ਵਿੱਚ ਦਰਸਾਈ ਗਈ ਹੈ:

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1. | ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ | 41 |
| 2. | ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ | 06 |
| 3. | ਸ. ਅਮਰਪਾਲ ਸਿੰਘ | 00 |
| 4. | ਸ਼੍ਰੀ ਅਮਿਤ ਰਤਨ ਕੋਟਫੱਤਾ | 38 |
| 5. | ਸ. ਬਲਕਾਰ ਸਿੰਘ | 01 |
| 6. | ਸ. ਬਲਵਿੰਦਰ ਸਿੰਘ ਧਾਲੀਵਾਲ | 09 |
| 7. | ਸ. ਦਲਬੀਰ  ਸਿੰਘ ਟੌਂਗ | 19 |
| 8. | ਸ. ਗੁਰਦੇਵ ਸਿੰਘ ਦੇਵ ਮਾਨ | 04 |
| 9. | ਡਾ. **ਇਸ਼ਾਂਕ** ਕੁਮਾਰ | 00 |
| 10. | ਸ. ਜਗਸੀਰ  ਸਿੰਘ | 32 |
| 11. | ਸ. ਜਸਬੀਰ ਸਿੰਘ ਸੰਧੂ | 28 |
| 12. | ਡਾ. ਨੱਛਤਰ ਪਾਲ | 33 |
| 13. | ਸ਼੍ਰੀ ਵਿਕਰਮਜੀਤ ਸਿੰਘ ਚੌਧਰੀ | 06 |

## 4 ਕਮੇਟੀ ਵੱਲੋਂ ਕੀਤੀਆਂ ਗਈਆਂ ਮੀਟਿੰਗਾਂ ਅਤੇ ਕੰਮ-ਕਾਰ -:

ਮੀਟਿੰਗਾਂ ਦੀਆਂ ਮਿਤੀਆਂ, ਹਾਜ਼ਰ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿਚ ਕੀਤੇ ਗਏ ਕੰਮ-ਕਾਰ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ :-

| ਲੜੀ ਨੰ: | ਮੀਟਿੰਗ ਦੀ ਮਿਤੀ | ਹਾਜ਼ਰ ਹੋਏ ਮੈਬਰਾਂ ਦੀ ਗਿਣਤੀ | ਕੀਤਾ ਗਿਆ ਕੰਮ-ਕਾਰ |
|---|---|---|---|
| 1. | 27.05.2025 | 06 | ਕਮੇਟੀ ਨੇ ਆਪਣੀ ਮੀਟਿੰਗ ਦੌਰਾਨ ਕਮੇਟੀ ਦੇ ਕਾਰਜ ਖੇਤਰ ਅਤੇ ਕੰਮ-ਕਾਰ ਬਾਰੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 2. | 04.06.2025 | 05 | ਕਮੇਟੀ ਨੇ ਅਨਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕੇਂਦਰ/ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਰੋਪੜ ਵਿਖੇ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਨਾਲ ਸਬੰਧਤ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 3. | 05.06.2025 | 05 | ਕਮੇਟੀ ਨੇ ਅਨਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕੇਂਦਰ/ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਰੋਪੜ ਵਿਖੇ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਨਾਲ ਸਬੰਧਤ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 4. | 12.06.2025 | 06 | 1. ਕਮੇਟੀ ਨੇ ਅਨਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਵੱਲੋਂ ਸਾਲ 2025-26 ਲਈ ਵਿਭਾਗਾਂ ਅਤੇ ਕਾਰਪੋਰੇਸ਼ਨਾਂ/ਬੋਰਡਾਂ ਦੀ ਚੋਣ ਕੀਤੀ।<br>2. ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਪੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 5. | 24.06.2025 | 04 | 1. ਕਮੇਟੀ ਨੇ ਅਧੀਨ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਤੇ ਖੋਜ ਵਿਭਾਗ, (ਐਮ.ਟੀ.ਆਰ-2 ਸ਼ਾਖਾ) ਵੱਲੋਂ ਜਾਰੀ ਪੱਤਰ ਨੰ. MER-HTH 3011A/28/2025-0/0ACS-MER/ 1/1072305/ 2025, ਮਿਤੀ 07.04.2025 ਤੇ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਪੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 6. | 30.06.2025 | 04 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਪੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 7. | 01/07/2025 | 05 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਪੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 8. | 08.07.2025 | 05 | 1. ਕਮੇਟੀ ਨੇ ਅਧੀਨ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਤੇ ਖੋਜ ਵਿਭਾਗ, (ਐਮ.ਈ.ਆਰ-2 ਸ਼ਾਖਾ) ਵੱਲੋਂ ਜਾਰੀ ਪੱਤਰ ਨੰ. MER-HTH 3011A/28/2025-0/0ACS-MER/1/1072305/ 2025, ਮਿਤੀ 07.04.2025 ਤੇ ਵਿਚਾਰ-ਵਟਾਂਦਰਾ ਕੀਤਾ ।<br>2. ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 9. | 24.07.2025 | 05 | ਕਮੇਟੀ ਨੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕੇਂਦਰ/ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪਟਿਆਲਾ ਵਿਖੇ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਨਾਲ ਸਬੰਧਤ ਜ਼ਿਲ੍ਹਾ ਪ੍ਰਸਾਸ਼ਨ ਦੇ ਸਾਰੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 10. | 25.07.2025 | 05 | ਕਮੇਟੀ ਨੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਦੌਰਾ ਕੀਤਾ। |
| 11. | 12.08.2025 | 08 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਪੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 12. | 19.08.2025 | 08 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 13. | 26.08.2025 | 06 | ਕਮੇਟੀ ਨੇ ਸਹਾਇਕ ਜਨਰਲ ਮੈਨੇਜਰ (ਅਮਲਾ), ਬੈਕਫਿੰਕੋ, ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਵੱਲੋਂ ਜਾਰੀ ਪੱਤਰ ਨੰ: ਪਬਸਸ/ ਪਲਾਨਿੰਗ/ 62-63, ਮਿਤੀ 09.07.2025 ਤੇ ਵਿਚਾਰ-ਵਟਾਂਦਰਾ ਕੀਤਾ। |
| 14. | 12.09.2025 | 06 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਪੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 23. | 21 ਜਨਵਰੀ, 2026 | 05 | ਕਮੇਟੀ ਨੇ ਵੱਖ-ਵੱਖ ਸਮਾਗਮਾਂ ਨਾਲ ਸਬੰਧਤ ਆਸ਼ਵਾਸਨਾਂ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਦੀ ਛਾਣਬੀਣ ਕੀਤੀ ਅਤੇ ਬਜਟ ਸਮਾਗਮ, 2022 ਅਤੇ 2025 ਦੇ 04 ਖਰੜਾ ਆਸ਼ਵਾਸਨ ਪ੍ਰਵਾਨ ਕੀਤੇ। |
| 24. | 29 ਜਨਵਰੀ, 2026 | 06 | ਕਮੇਟੀ ਨੇ ਬਜਟ ਸਮਾਗਮ 2020 ਦੇ ਆਸ਼ਵਾਸਨ ਨੰ:185 ਦੇ ਜੇਲ੍ਹ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰ ਦੀ ਛਾਣਬੀਣ ਕੀਤੀ ਅਤੇ ਇਸ ਦੇ ਨਾਲ ਸਬੰਧਤ ਪਟਿਆਲਾ ਸੈਂਟ੍ਰਲ ਜੇਲ੍ਹ ਦਾ ਮੌਕੇ ਤੇ ਅਧਿਐਨ ਕੀਤਾ। |
| 25. | 04 ਫਰਵਰੀ, 2026 | 04 | ਕਮੇਟੀ ਨੇ ਵੱਖ-ਵੱਖ ਸਮਾਗਮਾਂ ਨਾਲ ਸਬੰਧਤ ਆਸ਼ਵਾਸਨਾਂ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਦੀ ਛਾਣਬੀਣ ਕੀਤੀ। |
| 26. | 24 ਫਰਵਰੀ, 2026 | 06 | ਕਮੇਟੀ ਨੇ ਆਪਣੀ 54ਵੀਂ ਖਰੜਾ ਰਿਪੋਰਟ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਮਿਤੀ 18.12.25, 24.12.25, 21.01.26, |

| | | | |
|---|---|---|---|
| | | | 29.01.26, 04.02.26 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 27. | 02 ਮਾਰਚ, 2026 | 05 | ਕਮੇਟੀ ਨੇ ਆਪਣੀ 54ਵੀਂ ਖਰੜਾ ਰਿਪੋਰਟ ਤੇ ਵਿਚਾਰ ਵਟਾਂਦਰਾ ਕੀਤਾ । |
| 28. | 03 ਮਾਰਚ, 2026 | 05 | ਕਮੇਟੀ ਨੇ ਆਪਣੀ 54ਵੀਂ ਖਰੜਾ ਰਿਪੋਰਟ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਪ੍ਰਵਾਨਗੀ ਦਿੱਤੀ ਅਤੇ ਸਭਾਪਤੀ ਜੀ ਨੂੰ ਸਦਨ ਚ ਰਿਪੋਰਟ ਪੇਸ਼ ਕਰਨ ਦਾ ਅਧਿਕਾਰ ਦਿੱਤਾ। ਇਸ ਤੋਂ ਇਲਾਵਾ ਕਮੇਟੀ ਨੇ ਮਿਤੀ 24.02.2026 ਨੂੰ ਹੋਈ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |

5. ਕਮੇਟੀ ਦੀਆਂ ਮਿਤੀ 08.10.2025, 03.12.2025 ਅਤੇ 18.12.2025 ਨੂੰ ਕੋਰਮ ਪੂਰਾ ਨਾ ਹੋਣ ਕਾਰਨ ਮੀਟਿੰਗਾਂ ਨਾ ਹੋ ਸਕੀਆਂ।

6. ਕਮੇਟੀ ਨੇ ਚੰਡੀਗੜ੍ਹ ਤੋਂ ਇਲਾਵਾ ਦੂਜੀਆਂ ਥਾਵਾਂ ਤੇ ਬੈਠਕਾਂ ਕੀਤੀਆਂ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: -

1) ਮਿਤੀ 04 ਤੋਂ 08 ਅਗਸਤ, 2025 ਨੂੰ ਸ਼ਾਹਪੁਰ ਕੰਡੀ, ਪਠਾਨਕੋਟ ਅਤੇ ਜੰਮੂ ਕਸ਼ਮੀਰ (ਸ੍ਰੀਨਗਰ)।
2) ਮਿਤੀ 29 ਜਨਵਰੀ, 2026 ਨੂੰ ਸਰਕਟ ਹਾਊਸ, ਪਟਿਆਲਾ ।
3) ਮਿਤੀ 02 ਅਤੇ 03 ਮਾਰਚ, 2026 ਨੂੰ ਸ਼ਿਮਲਾ (ਹਿਮਾਚਲ ਪ੍ਰਦੇਸ਼) ।

**<u>ਪੇਸ਼ ਕੀਤੀ ਗਈ ਰਿਪੋਰਟ</u>**

| **ਜਿਸ ਮਿਤੀ ਨੂੰ ਰਿਪੋਰਟ ਪੇਸ਼ ਕੀਤੀ ਗਈ** | **ਰਿਪੋਰਟ ਦਾ ਵਿਸ਼ਾ** |
|---|---|
| 10 ਮਾਰਚ, 2026 | ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ 54ਵੀਂ ਰਿਪੋਰਟ |

—————

## ਕੁਐਸਚਨਜ਼ ਅਤੇ ਰੈਫ਼ਰੈਂਸਿਜ਼ ਕਮੇਟੀ

## ਚੋਣ ਅਤੇ ਬਣਤਰ

1. ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 251-(ਖ) ਅਧੀਨ ਮਾਣਯੋਗ ਸਪੀਕਰ ਸਾਹਿਬ ਦੁਆਰਾ ਸਾਲ 2025-26 ਲਈ ਅਧਿਸੂਚਨਾ ਨੰ:01/ਕਿਊ. ਆਰ.ਸੀ/2025-26/18, ਮਿਤੀ 19 ਮਈ, 2025 ਰਾਹੀਂ 9 ਮੈਂਬਰੀ ਕੁਐਸਚਨਜ਼ ਅਤੇ ਰੈਫ਼ਰੈਂਸਿਜ਼ ਕਮੇਟੀ ਨਾਮਜ਼ਦ ਕੀਤੀ ਗਈ।

2. ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184(1) ਅਧੀਨ ਮਾਣਯੋਗ ਸਪੀਕਰ ਸਾਹਿਬ ਨੇ ਸ੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ. ਨੂੰ ਇਸ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ।

3. ਕਮੇਟੀ ਨੇ ਕੁੱਲ 25 ਮੀਟਿੰਗਾਂ ਕੀਤੀਆਂ। ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਇਆ, ਦੀ ਗਿਣਤੀ ਹੇਠ ਲਿਖੀ ਸਾਰਣੀ ਵਿੱਚ ਦਰਸਾਈ ਗਈ ਹੈ :-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1. | ਸ੍ਰੀਮਤੀ ਇੰਦਰਜੀਤ ਕੌਰ ਮਾਨ | 27 |
| 2. | ਡਾਕਟਰ ਅਮਨਦੀਪ ਕੌਰ ਅਰੋੜਾ | 13 |
| 3. | ਸ੍ਰੀਮਤੀ ਅਨਮੋਲ ਗਗਨ ਮਾਨ | 0 |
| 4. | ਸ੍ਰੀਮਤੀ ਅਰੁਨਾ ਚੌਧਰੀ | 06 |
| 5. | ਸ੍ਰੀਮਤੀ ਸੰਤੋਸ਼ ਕੁਮਾਰੀ ਕਟਾਰੀਆ | 05 |
| 6. | ਸ੍ਰੀਮਤੀ ਗਨੀਵ ਕੌਰ ਮਜੀਠੀਆ | 0 |
| 7. | ਸ੍ਰੀਮਤੀ ਜੀਵਨਜੋਤ ਕੌਰ | 16 |
| 8. | ਸ੍ਰੀਮਤੀ ਨਰਿੰਦਰ ਕੌਰ ਭਰਾਜ | 16 |
| 9. | ਸ੍ਰੀਮਤੀ ਰਜਿੰਦਰ ਪਾਲ ਕੌਰ | 09 |
| | **ਸ੍ਰੀਮਤੀ ਨੀਨਾ ਮਿੱਤਲ | 09 |

**ਨੋਟ:** ਮਾਣਯੋਗ ਸਪੀਕਰ ਸਾਹਿਬ ਦੁਆਰਾ ਮਿਤੀ 01.08.2025 ਨੂੰ *ਸ੍ਰੀਮਤੀ ਅਨਮੋਲ ਗਗਨ ਮਾਨ, ਐਮ.ਐਲ.ਏ. ਦੀ ਥਾਂ ਤੇ **ਸ੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ. ਨੂੰ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 183 ਅਧੀਨ ਬਾਕੀ ਰਹਿੰਦੇ ਸਮੇਂ ਲਈ ਕਮੇਟੀ ਦੇ ਮੈਂਬਰ ਵਜੋਂ ਨਾਮਜ਼ਦ ਕੀਤਾ ਗਿਆ।

## ਕਮੇਟੀ ਦੀਆਂ ਹੋਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਰ:-

3. ਮੀਟਿੰਗਾਂ ਦੀਆਂ ਤਰੀਕਾਂ, ਹਾਜ਼ਰ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿੱਚ ਕੀਤਾ ਗਿਆ ਕੰਮ-ਕਾਰ ਹੇਠਾਂ ਦਰਸਾਇਆ ਗਿਆ ਹੈ:-

| ਲੜੀ ਨੰ: | ਮੀਟਿੰਗ ਦੀ ਤਰੀਕ | ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ | ਕੀਤਾ ਗਿਆ ਕੰਮ-ਕਾਰ |
|---|---|---|---|
| 1. | 27.05.2025 | 4 | ਕੁਐਸਚਨਜ਼ ਅਤੇ ਰੈਫਰੈਂਸਿਜ਼ ਕਮੇਟੀ ਦੇ ਕਾਰਜ ਖੇਤਰ ਅਤੇ ਕੰਮ-ਕਾਰ ਸਬੰਧੀ ਆਰੰਭਿਕ ਵਿਚਾਰ-ਵਟਾਂਦਰਾ:-<br>ਮੀਟਿੰਗ ਦਾ ਆਰੰਭ ਕਰਦੇ ਹੋਏ ਸਕੱਤਰ, ਪੰਜਾਬ ਵਿਧਾਨ ਸਭਾ ਨੇ ਸਭਾਪਤੀ ਜੀ ਅਤੇ ਕਮੇਟੀ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਸਾਲ 2025-26 ਲਈ ਨਾਮਜ਼ਦ ਇਸ ਮਹੱਤਵਪੂਰਨ ਕਮੇਟੀ ਦਾ ਮੈਂਬਰ ਬਣਨ ਤੇ ਮੁਬਾਰਕਬਾਦ ਦਿੱਤੀ ਅਤੇ ਕਮੇਟੀ ਦੀ ਅੰਦਰੂਨੀ ਕਾਰਜ ਨਿਯਮਾਵਲੀ ਦੇ ਬਾਰੇ ਕਮੇਟੀ ਨੂੰ ਸੰਖੇਪ ਵਿੱਚ ਜਾਣੂੰ ਕਰਵਾਇਆ। |
| 2. | 03.06.2025 | 04 | **ਸੀ.ਯੂ. ਪ੍ਰਸ਼ਨ ਨੰ. 222, 532 ਅਤੇ 599 (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਦੀ ਵਿਸਥਾਰਪੂਰਵਕ ਜਾਣਕਾਰੀ ਭੇਜਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ. 378, 490 ਅਤੇ 533 (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ: 759 (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ)**<br>ਕਮੇਟੀ ਨੇ ਸਿਫਾਰਸ਼ ਕੀਤੀ ਕਿ ਸ਼ਹੀਦਾਂ ਦੀ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਸਿਵਲ ਹਸਪਤਾਲ ਨੂੰ ਅੱਪਗ੍ਰੇਡ ਕਰਕੇ ਸਾਰੀਆਂ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣ।<br>**ਸੀ.ਯੂ. ਪ੍ਰਸ਼ਨ ਨੰ. 181, 293, 507, 539, 569, 578, 618, 638, 671, 729, 782, 794, 822 ਅਤੇ 858 (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |

| | | | |
|---|---|---|---|
| 3. | 10.06.2025 | 03 | **ਸੀ.ਯੂ. ਪ੍ਰਸ਼ਨ ਨੰ. 1570 (ਵਿੱਤ ਅਤੇ ਯੋਜਨਾ ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ. 588 ਅਤੇ 2384 (ਸਥਾਨਕ ਸਰਕਾਰ ਵਿਭਾਗ) ਅਤੇ ਸੀ.ਯੂ. ਪ੍ਰਸ਼ਨ ਨੰ. 1299 (ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ।<br>**16ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 1359, 1387 ਅਤੇ 1395 (ਸਥਾਨਕ ਸਰਕਾਰ ਵਿਭਾਗ), ਸੀ.ਯੂ. ਪ੍ਰਸ਼ਨ ਨੰ: 565, 643, 661 ਅਤੇ 1288, (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ), 1207 (ਉਦਯੋਗ ਅਤੇ ਕਾਮਰਸ ਵਿਭਾਗ), ਸੀ.ਯੂ. ਪ੍ਰਸ਼ਨ ਨੰ: 1385 ਅਤੇ 1628 (ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ), ਸੀ.ਯੂ. ਪ੍ਰਸ਼ਨ ਨੰ: 1598 ਅਤੇ 1625 (ਕਿਰਤ ਵਿਭਾਗ), 16ਵੀਂ ਵਿਧਾਨ ਸਭਾ ਦਾ ਮੁਲਤਵੀ ਪ੍ਰਸ਼ਨ ਨੰ: 1354 (ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 4. | 20.06.2025 | 03 | **ਸੀ.ਯੂ. ਪ੍ਰਸ਼ਨ ਨੰ: 452, 453, 454, 455, 475, 480, 504, 552, 553, 554, 559, 602 ਅਤੇ 626 (ਲੋਕ ਨਿਰਮਾਣ (ਭ ਤੇ ਮ) ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਆਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਹਨਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ: 780 (ਲੋਕ ਨਿਰਮਾਣ (ਭ ਤੇ ਮ) ਵਿਭਾਗ)**<br>ਕਮੇਟੀ ਨੇ ਸਿਫਾਰਸ਼ ਕੀਤੀ ਕਿ ਫਿਲੌਰ ਤੇ ਕਪੂਰਥਲਾ ਮਾਰਗ ਨੂੰ ਨੂਰਮਹਿਲ ਜਲੰਧਰ ਰੋਡ ਅਤੇ ਨਕੋਦਰ ਜਲੰਧਰ ਬਾਈਪਾਸ ਨਾਲ ਜੋੜਿਆ ਜਾਵੇ ਅਤੇ ਇਸ ਦੀ ਚੌੜਾਈ 7 ਮੀਟਰ ਤੋਂ 10 ਮੀਟਰ ਕੀਤੀ ਜਾਵੇ।<br>**ਸੀ.ਯੂ. ਪ੍ਰਸ਼ਨ ਨੰ: 551, 619 ਅਤੇ 779 (ਲੋਕ ਨਿਰਮਾਣ (ਭ ਤੇ ਮ) ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |

| | | | |
|---|---|---|---|
| 5. | 02.07.2025 | 04 | **ਸੀ.ਯੂ. ਪ੍ਰਸ਼ਨ ਨੰ: 502, 537, 604, 609, 644, 743, 761, 769, 785 ਅਤੇ 820 (ਜਲ ਸਰੋਤ ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਨ੍ਹਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ: 746, 760, 830, 854 ਅਤੇ 855 (ਜਲ ਸਰੋਤ ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 6. | 08.07.2025 | 05 | **ਸੀ.ਯੂ. ਪ੍ਰਸ਼ਨ ਨੰ: 696 (ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ), ਸੀ.ਯੂ. ਪ੍ਰਸ਼ਨ ਨੰ: 824 (ਸਹਿਕਾਰਤਾ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਨ੍ਹਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ: 549, 566, 605, 724 ਅਤੇ 179 (ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ), ਸੀ.ਯੂ. ਪ੍ਰਸ਼ਨ ਨੰ: 514, 556, 575, 616, 674, 675 ਅਤੇ 642 (ਸਹਿਕਾਰਤਾ ਵਿਭਾਗ) ਅਤੇ ਸੀ.ਯੂ. ਪ੍ਰਸ਼ਨ ਨੰ: 564 (ਜੇਲ੍ਹ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 7. | 16.07.2025 | 04 | **16ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ. 9 ਅਤੇ ਮੁਲਤਵੀ ਪ੍ਰਸ਼ਨ ਨੰ: 1444 (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ), ਸੀ.ਯੂ. ਪ੍ਰਸ਼ਨ ਨੰ: 905 (ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ), 15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ. 151, 1540, 1826, 2005, 2084, 2226 ਅਤੇ 2455 (ਵਿਗਿਆਨ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ)**<br>**16ਵੀਂ ਵਿਧਾਨ ਸਭਾ ਦੇ ਪ੍ਰਸ਼ਨ ਨੰ. 3217 (ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 8. | 17.07.2025 | 03 | **16ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 76 ਅਤੇ 217, (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ), ਸੀ.ਯੂ. ਪ੍ਰਸ਼ਨ ਨੰ. 568** |

| | | | |
|---|---|---|---|
| | | | **(ਸਮਾਜਿਕ ਸੁਰੱਖਿਆ ਵਿਭਾਗ) ਅਤੇ ਸੀ.ਯੂ. ਪ੍ਰਸ਼ਨ ਨੰ: 966 (ਸਥਾਨਕ ਸਰਕਾਰ ਵਿਭਾਗ)**<br>**15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 2544 ਅਤੇ 2713, (ਵਿਗਿਆਨ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ), ਸੀ.ਯੂ. ਪ੍ਰਸ਼ਨ ਨੰ: 2140, 2166, 2177 ਅਤੇ 2328 (ਬਿਜਲੀ ਵਿਭਾਗ), ਸੀ.ਯੂ. ਪ੍ਰਸ਼ਨ ਨੰ: 486 (ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 9. | 23.07.2025 | 04 | **ਸੀ.ਯੂ. ਪ੍ਰਸ਼ਨ ਨੰ: 82 (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ), ਸੀ.ਯੂ. ਪ੍ਰਸ਼ਨ ਨੰ: 481 ਅਤੇ 536 (ਸਿੱਖਿਆ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਨ੍ਹਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ: 662 (ਜਲ ਸਰੋਤ ਵਿਭਾਗ)**<br>ਕਮੇਟੀ ਨੇ ਸਿਫਾਰਸ਼ ਕੀਤੀ ਕਿ ਜਲਾਲਾਬਾਦ ਹਲਕੇ ਅਧੀਨ ਆਉਂਦੀਆਂ ਨਹਿਰਾਂ ਦੀ ਜਲਦੀ ਤੋਂ ਜਲਦੀ ਨਿਸ਼ਾਨਦੇਹੀ ਕਰਵਾ ਕੇ ਕਮੇਟੀ ਨੂੰ ਸੂਚਿਤ ਕੀਤਾ ਜਾਵੇ।<br>**ਸੀ.ਯੂ. ਪ੍ਰਸ਼ਨ ਨੰ: 157 (ਯੋਜਨਾਬੰਦੀ ਵਿਭਾਗ), ਸੀ.ਯੂ. ਪ੍ਰਸ਼ਨ ਨੰ: 243, 356, 450, 508, 561, 652, 653 ਅਤੇ 787 (ਸਿੱਖਿਆ ਵਿਭਾਗ), ਸੀ.ਯੂ.ਪ੍ਰਸ਼ਨ ਨੰ: 742 (ਉਚੇਰੀ ਸਿੱਖਿਆ ਵਿਭਾਗ), ਸੀ.ਯੂ. ਪ੍ਰਸ਼ਨ ਨੰ: 227 (ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ), ਸੀ.ਯੂ. ਪ੍ਰਸ਼ਨ ਨੰ: 231 (ਜਲ ਸਰੋਤ ਵਿਭਾਗ), ਸੀ.ਯੂ. ਪ੍ਰਸ਼ਨ ਨੰ: 693 (ਪਸ਼ੂ ਪਾਲਣ ਵਿਭਾਗ), ਸੀ.ਯੂ. ਪ੍ਰਸ਼ਨ ਨੰ: 478 (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 10. | 30.07.2025 | 03 | **ਸੀ.ਯੂ. ਪ੍ਰਸ਼ਨ ਨੰ. 750, 770, 771, 789, 800 ਅਤੇ 859 (ਲੋਕ ਨਿਰਮਾਣ (ਭ ਤੇ ਮ) ਵਿਭਾਗ) ਅਤੇ ਸੀ.ਯੂ. ਪ੍ਰਸ਼ਨ ਨੰ: 743 (ਜਲ ਸਰੋਤ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਨ੍ਹਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ। |

| | | | |
|---|---|---|---|
| | | | **ਸੀ.ਯੂ. ਪ੍ਰਸ਼ਨ ਨੰ: 721 (ਲੋਕ ਨਿਰਮਾਣ (ਭ ਤੇ ਮ) ਵਿਭਾਗ**<br>**15 ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 2327, 2470 ਅਤੇ 2597 (ਬਿਜਲੀ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 11. | 06.08.2025 | 04 | **ਸੀ.ਯੂ. ਪ੍ਰਸ਼ਨ ਨੰ. 81, 495, 503, 629, 631 ਅਤੇ 697 (ਖੇਤੀਬਾੜੀ ਵਿਭਾਗ), ਸੀ.ਯੂ. ਪ੍ਰਸ਼ਨ ਨੰ: 541 ਅਤੇ 745 (ਭੂਮੀ ਅਤੇ ਜਲ ਸੰਭਾਲ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਨ੍ਹਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ: 621, 623, 630, 701, 740 ਅਤੇ 856 (ਖੇਤੀਬਾੜੀ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 12. | 13.8.2025 | 04 | **16ਵੀਂ ਵਿਧਾਨ ਸਭਾ ਦਾ ਸੀ.ਯੂ. ਪ੍ਰਸ਼ਨ ਨੰ: 614 (ਟਰਾਂਸਪੋਰਟ ਵਿਭਾਗ)**<br>**15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 569 (ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਨ੍ਹਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ: 474 (ਟਰਾਂਸਪੋਰਟ ਵਿਭਾਗ)**<br>ਕਮੇਟੀ ਨੇ ਸਿਫਾਰਸ਼ ਕੀਤੀ ਕਿ ਤਲਵਾੜਾ ਤੋਂ ਹਰਿਦੁਆਰ ਵਾਇਆ ਕਮਾਹੀ ਦੇਵੀ, ਹੁਸ਼ਿਆਰਪੁਰ ਬੱਸ ਸੇਵਾ ਸ਼ੁਰੂ ਕਰਨ ਦੀ ਮੁੜ ਤਜਵੀਜ਼ ਬਣਾਈ ਜਾਵੇ।<br>**ਸੀ.ਯੂ. ਪ੍ਰਸ਼ਨ ਨੰ: 510, 534, 571, 606, 636, 639, 688, 702 ਅਤੇ 708 (ਟਰਾਂਸਪੋਰਟ ਵਿਭਾਗ), ਸੀ.ਯੂ. ਪ੍ਰਸ਼ਨ ਨੰ: 39 (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ), ਸੀ.ਯੂ. ਪ੍ਰਸ਼ਨ ਨੰ: 640 (ਲੋਕ ਨਿਰਮਾਣ (ਭ ਤੇ ਮ) ਵਿਭਾਗ), ਸੀ.ਯੂ. ਪ੍ਰਸ਼ਨ ਨੰ: 644 ਅਤੇ 769 (ਜਲ ਸਰੋਤ ਵਿਭਾਗ)**<br>**15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 3196 (ਸਹਿਕਾਰਤਾ ਵਿਭਾਗ)** |

| | | | |
|---|---|---|---|
| | | | ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 13. | 20.08.2025 | 04 | **15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 340, 813, 1071, 1191, 1323,1324, 2128, 2137, 2162, 2163, 2274 ਅਤੇ 2456 (ਲੋਕ ਨਿਰਮਾਣ (ਭ ਤੇ ਮ) ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 14. | 27.08.2025 | 03 | **ਸੀ.ਯੂ. ਪ੍ਰਸ਼ਨ ਨੰ. 814 (ਵਿੱਤ ਵਿਭਾਗ) ਸੀ.ਯੂ. ਪ੍ਰਸ਼ਨ ਨੰ. 136 ਅਤੇ 451 (ਸਿੱਖਿਆ ਵਿਭਾਗ) ਸੀ.ਯੂ. ਪ੍ਰਸ਼ਨ ਨੰ. 446, 477, 530, 655, 704, 751, 792 ਅਤੇ 825 (ਬਿਜਲੀ ਵਿਭਾਗ) ਸੀ.ਯੂ. ਪ੍ਰਸ਼ਨ ਨੰ. 531, 540, 548, 634, 649, 651, 690 ਅਤੇ 834 (ਉਦਯੋਗ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 15. | 24.09.2025 | 04 | **15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ. 1788 (ਵਿਗਿਆਨ ਤਕਨਾਲੋਜੀ ਅਤੇ ਵਾਤਾਵਰਨ ਵਿਭਾਗ), ਸੀ.ਯੂ. ਪ੍ਰਸ਼ਨ ਨੰ. 2527, 2638, 2672, 2675, 2755, 2972, 3013, 3024, 3124, 3130, 3214, 3285 ਅਤੇ 3278 (ਲੋਕ ਨਿਰਮਾਣ (ਭ ਤੇ ਮ) ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ।<br>**16ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ. 537, 604, 743 ਅਤੇ 820 (ਜਲ ਸਰੋਤ ਵਿਭਾਗ) ਸੀ.ਯੂ. ਪ੍ਰਸ਼ਨ ਨੰ. 857 (ਵਿਗਿਆਨ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ), ਸੀ.ਯੂ. ਪ੍ਰਸ਼ਨ ਨੰ. 576 (ਉਦਯੋਗ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 16. | 30.09.2025 | 03 | **ਸੀ.ਯੂ. ਪ੍ਰਸ਼ਨ ਨੰ. 345 (ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ), ਸੀ.ਯੂ. ਪ੍ਰਸ਼ਨ ਨੰ. 521 (ਮਾਲ ਵਿਭਾਗ)** |

| | | | |
|---|---|---|---|
| | | | ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਨ੍ਹਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**16ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ. 573, 580, 645, 689, 762 (ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ), ਸੀ.ਯੂ. ਪ੍ਰਸ਼ਨ ਨੰ: 625, 717, 852 ਅਤੇ 864 (ਮਾਲ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ।<br>**15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 3100, 3125, 3160, 3161, 3162, 3219, 3256, 3264 ਅਤੇ 3289 (ਲੋਕ ਨਿਰਮਾਣ (ਭ ਤੇ ਮ) ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 17. | 09.10.2025 | 04 | **ਸੀ.ਯੂ. ਪ੍ਰਸ਼ਨ ਨੰ. 1180, 1181, 1193, 1243, 1264, 1276, 1437, 1451,1492, 1514, 1533,1623 ਅਤੇ 1641 (ਸਿੱਖਿਆ ਵਿਭਾਗ), ਸੀ.ਯੂ. ਪ੍ਰਸ਼ਨ ਨੰ. 1246 (ਉਚੇਰੀ ਸਿੱਖਿਆ ਵਿਭਾਗ), ਸੀ.ਯੂ. ਪ੍ਰਸ਼ਨ ਨੰ. 696 (ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ- ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 18. | 15.10.2025 | 04 | **ਸੀ.ਯੂ. ਪ੍ਰਸ਼ਨ ਨੰ: 813 (ਮਾਲ ਅਤੇ ਪੁਨਰਵਾਸ ਵਿਭਾਗ)**<br>ਕਮੇਟੀ ਨੇ ਵਿਭਾਗ ਦੇ ਅਧਿਕਾਰੀਆਂ ਦੀ ਮੌਖਿਕ ਪ੍ਰੀਖਿਆ ਕੀਤੀ।<br>**ਬਿਨ੍ਹਾਂ ਨਿਸ਼ਾਨ ਵਾਲਾ ਸੀ.ਯੂ. ਪ੍ਰਸ਼ਨ ਨੰ: 251 (ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ)**<br>ਕਮੇਟੀ ਨੇ ਵਿਭਾਗ ਦੇ ਅਧਿਕਾਰੀਆਂ ਦੀ ਮੌਖਿਕ ਪ੍ਰੀਖਿਆ ਕੀਤੀ। |
| 19. | 29.10.2025 | 03 | **ਸਦਨ ਵਿੱਚ ਲੱਗਿਆ ਪ੍ਰਸ਼ਨ ਨੰ: 1305 (ਸਥਾਨਕ ਸਰਕਾਰ ਵਿਭਾਗ)**<br>ਕਮੇਟੀ ਨੇ ਵਿਭਾਗ ਦੇ ਅਧਿਕਾਰੀਆਂ ਦੀ ਮੌਖਿਕ ਪ੍ਰੀਖਿਆ ਕੀਤੀ।<br>**15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ. 395, 366, 905, 1066, 1301, 1331, 2129, 2150, 2225, 2235, 2271, 2476,** |

| | | | |
|---|---|---|---|
| | | | **2548, 2564, 2653, 2683, 2701, 2716, 3051 ਅਤੇ 3088 (ਲੋਕ ਨਿਰਮਾਣ (ਭ ਤੇ ਮ) ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 20. | 12.11.2025 | 04 | **ਮੁਲਤਵੀ ਪ੍ਰਸ਼ਨ ਨੰ: 75 (ਮਾਲ ਅਤੇ ਪੁਨਰਵਾਸ ਵਿਭਾਗ) ਸੀ.ਯੂ. ਪ੍ਰਸ਼ਨ ਨੰ: 519 ਅਤੇ 849 (ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਨ੍ਹਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ: 547, 821 ਅਤੇ 844 (ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ), ਸੀ.ਯੂ. ਪ੍ਰਸ਼ਨ ਨੰ: 370, 647 ਅਤੇ 714 (ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ) ਸੀ.ਯੂ. ਪ੍ਰਸ਼ਨ ਨੰ: 1170 (ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ) ਸੀ.ਯੂ. ਪ੍ਰਸ਼ਨ ਨੰ: 502 ਅਤੇ 662 (ਜਲ ਸਰੋਤ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 21 | 19.11.2025 | 03 | **ਸੀ.ਯੂ. ਪ੍ਰਸ਼ਨ ਨੰ. 1296 (ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਦੀ ਵਿਸਥਾਰਪੂਰਵਕ ਰਿਪੋਰਟ ਭੇਜਣ ਲਈ ਕਿਹਾ।<br>**ਸੀ.ਯੂ. ਪ੍ਰਸ਼ਨ ਨੰ: 942, 1084 ਅਤੇ 1166 (ਜਲ ਸਰੋਤ ਵਿਭਾਗ) ਸੀ.ਯੂ. ਪ੍ਰਸ਼ਨ ਨੰ: 959 ਅਤੇ 1083 (ਮਾਲ ਅਤੇ ਪੁਨਰਵਾਸ ਵਿਭਾਗ) ਸੀ.ਯੂ. ਪ੍ਰਸ਼ਨ ਨੰ: 994 (ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ) ਸੀ.ਯੂ. ਪ੍ਰਸ਼ਨ ਨੰ: 1079 (ਵਿਗਿਆਨ ਤਕਨੀਕ ਅਤੇ ਵਾਤਾਵਰਣ ਵਿਭਾਗ) ਸੀ.ਯੂ. ਪ੍ਰਸ਼ਨ ਨੰ. 1120 (ਨਵ ਅਤੇ ਨਵਿਆਉਣ ਯੋਗ ਊਰਜਾ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ।<br>**15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 237 (ਸਹਿਕਾਰਤਾ ਵਿਭਾਗ), ਸੀ.ਯੂ. ਪ੍ਰਸ਼ਨ ਨੰ: 699, 1131, 2103, 2130, 3121 ਅਤੇ 3265 (ਲੋਕ ਨਿਰਮਾਣ (ਭ ਤੇ ਮ) ਵਿਭਾਗ), ਸੀ.ਯੂ. ਪ੍ਰਸ਼ਨ ਨੰ: 2107** |

| | | | |
|---|---|---|---|
| | | | **ਅਤੇ 2144 (ਸਥਾਨਕ ਸਰਕਾਰ ਵਿਭਾਗ) ਸੀ.ਯੂ. ਪ੍ਰਸ਼ਨ ਨੰ: 1141 (ਮਕਾਨ ਉਸਾਰੀ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 22 | 16.12.2025 | 05 | **ਮੁਲਤਵੀ ਪ੍ਰਸ਼ਨ ਨੰ: 49 ਅਤੇ ਸੀ.ਯੂ. ਪ੍ਰਸ਼ਨ ਨੰ: 90, 199, 298 ਅਤੇ 705 (ਲੋਕ ਨਿਰਮਾਣ (ਭ ਤੇ ਮ) ਵਿਭਾਗ)**<br>ਕਮੇਟੀ ਨੇ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਨ੍ਹਾਂ ਦੀ ਤਾਜ਼ਾ ਸਥਿਤੀ ਤੋਂ ਜਾਣੂੰ ਕਰਵਾਉਣ ਲਈ ਅਤੇ ਵਿਸਥਾਰਪੂਰਵਕ ਰਿਪੋਰਟ ਭੇਜਣ ਲਈ ਕਿਹਾ।<br>**ਮੁਲਤਵੀ ਪ੍ਰਸ਼ਨ ਨੰ: 887 (ਵਿੱਤ ਵਿਭਾਗ) ਅਤੇ ਮੁਲਤਵੀ ਪ੍ਰਸ਼ਨ ਨੰ: 903 (ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ), ਸੀ.ਯੂ. ਪ੍ਰਸ਼ਨ ਨੰ: 294, 297, 322, 385 ਅਤੇ 807 (ਲੋਕ ਨਿਰਮਾਣ (ਭ ਤੇ ਮ) ਵਿਭਾਗ), ਸੀ.ਯੂ. ਪ੍ਰਸ਼ਨ ਨੰ: 543, 670, 835 ਅਤੇ 1257 (ਸਥਾਨਕ ਸਰਕਾਰ ਵਿਭਾਗ), ਸੀ.ਯੂ. ਪ੍ਰਸ਼ਨ ਨੰ: 197 (ਖੇਤੀਬਾੜੀ ਵਿਭਾਗ),ਸੀ.ਯੂ. ਪ੍ਰਸ਼ਨ ਨੰ: 785 (ਜਲ ਸਰੋਤ ਵਿਭਾਗ) ਅਤੇ ਸੀ.ਯੂ. ਪ੍ਰਸ਼ਨ ਨੰ: 1570 (ਯੋਜਨਾਬੰਦੀ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 23. | 06.01.2026 | 05 | **15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 108, 315, 704, 768, 1084, 1332, 1333, 2220, 2658, 3074, 3085 ਅਤੇ 3238 (ਸਥਾਨਕ ਸਰਕਾਰ ਵਿਭਾਗ), ਸੀ.ਯੂ. ਪ੍ਰਸ਼ਨ ਨੰ: 1014, 1510, 1512, 2237 ਅਤੇ 3308 (ਲੋਕ ਨਿਰਮਾਣ (ਭ ਤੇ ਮ) ਵਿਭਾਗ), ਸੀ.ਯੂ. ਪ੍ਰਸ਼ਨ ਨੰ: 1127 (ਸਿਹਤ ਅਤੇ ਪਰਿਵਾਰ ਭਲਾਈ ਵਿਭਾਗ), ਸੀ.ਯੂ. ਪ੍ਰਸ਼ਨ ਨੰ: 2665 (ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ) ਅਤੇ 16ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 519 (ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 24. | 24.02.2026 | 06 | **ਸੀ.ਯੂ. ਪ੍ਰਸ਼ਨ ਨੰ: 211 ਅਤੇ 716 (ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ), ਸੀ.ਯੂ. ਪ੍ਰਸ਼ਨ ਨੰ: 490 (ਸਿਹਤ ਅਤੇ ਪਰਿਵਾਰ** |

| | | | |
|---|---|---|---|
| | | | **ਭਲਾਈ ਵਿਭਾਗ), ਸੀ.ਯੂ. ਪ੍ਰਸ਼ਨ ਨੰ: 849 (ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ।<br>16ਵੀਂ ਵਿਧਾਨ ਸਭਾ ਦਾ ਨਿਸ਼ਾਨ ਵਾਲਾ ਪ੍ਰਸ਼ਨ ਨੰ: 1304 ਦਾ ਉੱਤਰ ਸਹੀ ਰਿਕਾਰਡ ਕਰਕੇ ਬਿਜਲੀ ਵਿਭਾਗ ਵੱਲੋਂ ਭੇਜਿਆ ਗਿਆ ਅਤੇ ਸਬੰਧਤ ਮਾਣਯੋਗ ਮੈਂਬਰ ਨੂੰ ਵੀ ਭੇਜ ਦਿੱਤਾ ਗਿਆ। ਕਮੇਟੀ ਵੱਲੋਂ ਹਦਾਇਤ ਕੀਤੀ ਗਈ ਕਿ ਜੇਕਰ ਸਬੰਧਤ ਮੈਂਬਰ ਵੱਲੋਂ ਇਸ ਸਬੰਧੀ ਕੋਈ ਟਿੱਪਣੀ ਪ੍ਰਾਪਤ ਹੋਵੇਗੀ ਤਾਂ ਇਸ ਨੂੰ ਕਮੇਟੀ ਵੱਲੋਂ ਵਿਚਾਰ ਲਿਆ ਜਾਵੇਗਾ।<br>**15ਵੀਂ ਵਿਧਾਨ ਸਭਾ ਦੇ ਸੀ.ਯੂ. ਪ੍ਰਸ਼ਨ ਨੰ: 1269 ਅਤੇ 2109 (ਸਥਾਨਕ ਸਰਕਾਰ ਵਿਭਾਗ), ਸੀ.ਯੂ. ਪ੍ਰਸ਼ਨ ਨੰ: 2361 (ਬਿਜਲੀ ਵਿਭਾਗ) ਅਤੇ ਸੀ.ਯੂ. ਪ੍ਰਸ਼ਨ ਨੰ: 569 (ਮਾਲ ਅਤੇ ਪੁਨਰਵਾਸ ਵਿਭਾਗ)**<br>ਕਮੇਟੀ ਨੇ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਉੱਤਰਾਂ ਤੇ ਅੱਗੇ ਹੋਰ ਕਾਰਵਾਈ ਨਾ ਕਰਨ ਦਾ ਫੈਸਲਾ ਕੀਤਾ। |
| 25. | 03.03.2026 | 03 | **ਖਰੜਾ ਰਿਪੋਰਟ ਤੇ ਵਿਚਾਰ-ਵਟਾਂਦਰਾਂ ਕਰਨ ਉਪਰੰਤ ਰਿਪੋਰਟ ਪ੍ਰਵਾਨ ਕੀਤੀ ਗਈ।** |

5. ਕਮੇਟੀ ਨੇ ਮਿਤੀ 16.07.2025 ਅਤੇ 17.07.2025 ਨੂੰ ਨਵੀਂ ਦਿੱਲੀ ਵਿਖੇ ਮੀਟਿੰਗਾਂ ਕੀਤੀਆਂ।

6. ਪੇਸ਼ ਕੀਤੀ ਗਈ ਰਿਪੋਰਟ

| **ਜਿਸ ਮਿਤੀ ਨੂੰ ਰਿਪੋਰਟ ਪੇਸ਼ ਕੀਤੀ ਗਈ** | **ਰਿਪੋਰਟ ਦਾ ਵਿਸ਼ਾ** |
|---|---|
| 12 ਮਾਰਚ, 2026 | ਕੁਐਸਚਨਜ਼ ਅਤੇ ਰੈਫ਼ਰੈਂਸਿਜ਼ ਕਮੇਟੀ ਦੀ 18ਵੀਂ ਰਿਪੋਰਟ। |

ਕਮੇਟੀ ਦੀਆਂ ਮਿਤੀ 24.06.2025, 11.09.2025, 09.02.2026 ਅਤੇ 17.02.2026 ਨੂੰ ਮੀਟਿੰਗਾਂ ਕੋਰਮ ਪੂਰਾ ਨਾ ਹੋਣ ਕਾਰਣ ਨਹੀਂ ਹੋ ਸਕੀਆਂ।

## ਅਧੀਨ ਵਿਧਾਨ ਕਮੇਟੀ

### ਬਣਤਰ

1. ਮਾਣਯੋਗ ਸਪੀਕਰ ਸਾਹਿਬ ਵਲੋਂ ਐਡਵੋਕੇਟ ਜਨਰਲ, ਪੰਜਾਬ ਸਮੇਤ ਤੇਰ੍ਹਾਂ ਮੈਂਬਰੀ ਅਧੀਨ ਵਿਧਾਨ ਕਮੇਟੀ ਅਧਿਸੂਚਨਾ ਨੰ: 1-ਐਸ.ਐਲ.ਸੀ.-2025-26/17, ਮਿਤੀ 19-05-2025 ਰਾਹੀਂ ਨਾਮਜ਼ਦ ਕੀਤੀ ਗਈ। ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184(1) ਅਧੀਨ, ਮਾਣਯੋਗ ਸਪੀਕਰ ਸਾਹਿਬ ਨੇ ਸਰਦਾਰ ਕੁਲਵੰਤ ਸਿੰਘ ਸਿੱਧੂ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ।

2. ਕਮੇਟੀ ਵੱਲੋਂ 2025-26 ਵਿਚ ਕੁੱਲ 16 ਮੀਟਿੰਗਾਂ ਕੀਤੀਆਂ ਗਈਆਂ। ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ ਵਲੋਂ ਇਨ੍ਹਾਂ ਮੀਟਿੰਗਾਂ ਵਿੱਚ ਹਾਜ਼ਰੀ ਅਤੇ ਉਨ੍ਹਾਂ ਦੀ ਗਿਣਤੀ ਹੇਠ ਲਿਖੀ ਸਾਰਣੀ ਵਿੱਚ ਦਰਸਾਈ ਗਈ ਹੈ:-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਏ |
|---|---|---|
| 1. | ਸਰਦਾਰ ਕੁਲਵੰਤ ਸਿੰਘ ਸਿੱਧੂ | 15 |
| 2. | ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ | 05 |
| 3. | ਸ਼੍ਰੀ ਦਿਨੇਸ਼ ਕੁਮਾਰ ਚੱਢਾ | 06 |
| 4. | ਸਰਦਾਰ ਗੁਰਿੰਦਰ ਸਿੰਘ ਗੈੜੀ ਬੜਿੰਗ | 02 |
| 5. | ਸਰਦਾਰ ਕਰਮਬੀਰ ਸਿੰਘ | 05 |
| 6. | *ਕੁੰਵਰ ਵਿਜੈ ਪ੍ਰਤਾਪ ਸਿੰਘ | 00 |
| 7. | ਸਰਦਾਰ ਲਖਬੀਰ ਸਿੰਘ ਰਾਏ | 09 |
| 8. | ਸਰਦਾਰ ਨਰਿੰਦਰਪਾਲ ਸਿੰਘ ਸਵਨਾ | 07 |
| 9. | ਸਰਦਾਰ ਪਰਗਟ ਸਿੰਘ ਪੋਆਰ | 07 |
| 10. | ਸ਼੍ਰੀ ਰਜਨੀਸ਼ ਕੁਮਾਰ ਦਹੀਯਾ | 10 |
| 11. | ਸਰਦਾਰ ਸੁਖਪਾਲ ਸਿੰਘ ਖਹਿਰਾ | 07 |
| 12. | ਸਰਦਾਰ ਸੁਖਬੀਰ ਸਿੰਘ ਮਾਈਸਰਖਾਨਾ | 01 |
| 13. | ਐਡਵੋਕੇਟ ਜਨਰਲ, ਪੰਜਾਬ | 00 |

*ਕੁੰਵਰ ਵਿਜੈ ਪ੍ਰਤਾਪ ਸਿੰਘ, ਮੈਂਬਰ ਅਧੀਨ ਵਿਧਾਨ ਕਮੇਟੀ ਵੱਲੋਂ ਮਿਤੀ 19/08/2025 ਨੂੰ ਉਨ੍ਹਾਂ ਵੱਲੋਂ ਦਿੱਤੀ ਗਈ ਬੇਨਤੀ ਪ੍ਰਵਾਨ ਕਰਦੇ ਹੋਏ ਮਾਣਯੋਗ ਸਪੀਕਰ ਸਾਹਿਬ ਦੁਆਰਾ ਅਧਿਸੂਚਨਾਂ ਨੰ. 1-ਐਸ.ਐਲ.ਸੀ. 2025-26/50, ਮਿਤੀ 08/09/2025 ਰਾਹੀਂ ਕੁੰਵਰ ਵਿਜੈ ਪ੍ਰਤਾਪ ਸਿੰਘ, ਐਮ.ਐਲ.ਏ. ਨੂੰ ਬਾਕੀ ਰਹਿੰਦੇ ਸਮੇਂ ਲਈ ਅਧੀਨ ਵਿਧਾਨ ਕਮੇਟੀ ਦੀਆਂ ਜਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਗਿਆ ਅਤੇ ਉਹ ਹੁਣ ਪੰਜਾਬ ਵਿਧਾਨ ਸਭਾ ਦੀ ਅਧੀਨ ਵਿਧਾਨ ਕਮੇਟੀ ਦੇ ਮੈਂਬਰ ਨਹੀਂ ਰਹੇ।

## ਕਮੇਟੀ ਦੁਆਰਾ ਛਾਣ-ਬੀਣ ਕੀਤੇ ਜਾਣ ਲਈ ਨਿਯਮਾਂ ਦੀ ਚੋਣ :-

**SELECTION AND SCRUTINY OF RULES:-**

The Committee selected the following Rules for scrutiny: -

**PART-I:** The Punjab School Education Board Calendar Volume II, Academic Regulations (As amended upto 30-09-2025) framed under The Punjab Schools Education Board (Amendment) Act, 2017 (Principal Act, 1969).

**(Department of School Education, Punjab & Punjab School Education Board)**

**PART-II:** Draft Rules pertaining to Punjab Gau Sewa Commission Act, 2014

**(Department of Animal Husbandry, Dairy and Fisheries, Punjab; Punjab Gau Sewa Commission & Department of Local Government, Punjab)**

**PART-III:** Rules to be framed under The Punjab Regulation of Fee of un-aided Educational Institutions Act, 2016

**(Department of School Education, Punjab & Punjab School Education Board)**

3. ਹੋਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਰ

| ਲੜੀ ਨੰ : | ਮੀਟਿੰਗਾਂ ਦੀ ਮਿਤੀ | ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ | ਕਮੇਟੀ ਵੱਲੋਂ ਕੀਤੇ ਗਏ ਕੰਮ-ਕਾਰ ਦਾ ਵੇਰਵਾ |
|---|---|---|---|
| 1. | 03.07.2025 | 04 | ਅਧੀਨ ਵਿਧਾਨ ਕਮੇਟੀ ਦੇ ਚੇਅਰਮੈਨ ਸਾਹਿਬ ਅਤੇ ਅਧੀਨ ਸਕੱਤਰ ਵੱਲੋਂ ਕਮੇਟੀ ਦੇ ਮੈਂਬਰਾਂ ਦਾ ਸਾਲ 2025-26 ਦੀ ਕਮੇਟੀ ਦੀ ਪਹਿਲੀ ਮੀਟਿੰਗ ਵਿੱਚ ਪਹੁੰਚਣ ਤੇ ਨਿੱਘਾ ਸਵਾਗਤ ਕਰਦੇ ਹੋਏ ਅਧੀਨ ਵਿਧਾਨ ਕਮੇਟੀ ਦੀ ਕਾਰਜ-ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ (PLA) ਅਧੀਨ ਦਰਸਾਏ ਗਏ ਕਮੇਟੀ ਦੇ ਉਦੇਸ਼ਾਂ ਅਤੇ ਕੰਮ-ਕਾਜ ਦੇ ਨਾਲ-ਨਾਲ ਕਮੇਟੀ ਦੇ ਕਾਰਜ ਖੇਤਰ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ। ਕਮੇਟੀ ਨੇ ਇਹ ਵੀ ਫੈਸਲਾ ਕੀਤਾ ਕਿ ਕਮੇਟੀ ਪੰਜਾਬ ਸਕੂਲ ਸਿੱਖਿਆ ਬੋਰਡ ਐਕਟ, 1969 ਹੇਠ ਬਣਾਏ ਗਏ ਨਿਯਮਾਂ ਦੀ ਜਾਂਚ ਕਰੇਗੀ। ਇਸ ਐਕਟ ਨਾਲ ਸਬੰਧਤ ਨਿਯਮ, ਉਪ-ਨਿਯਮ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਤਾਜਾ ਹਦਾਇਤਾਂ ਕਮੇਟੀ ਅੱਗੇ ਪੇਸ਼ ਕੀਤੀਆਂ ਜਾਣ ਤਾਂ ਜੋ ਹੋਰ ਜਾਂਚ ਕੀਤੀ ਜਾ ਸਕੇ। ਕਮੇਟੀ ਨੇ ਚਾਹਿਆ ਕਿ ਸਬੰਧਤ ਵਿਭਾਗ ਕਮੇਟੀ ਦੀ ਅੱਗੇ ਦੀ ਚਰਚਾ ਵਿੱਚ ਮਦਦ ਲਈ ਇੱਕ ਨੋਡਲ ਅਧਿਕਾਰੀ ਵੀ ਨਿਯੁਕਤ ਕਰੇ। |
| 2. | 08.07.2025 | 06 | ਮੀਟਿੰਗ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡਿਪਟੀ ਸਕੱਤਰ-ਕਮ-ਨੋਡਲ ਅਧਿਕਾਰੀ ਨੇ "The Punjab School Education Board Act, 1969" ਬਾਰੇ ਕਮੇਟੀ ਨੂੰ ਜਾਣਕਾਰੀ ਦਿੱਤੀ। ਐਕਟ ਦੀ ਧਾਰਾ 18 |

| | | | |
|---|---|---|---|
| | | | ਅਧੀਨ ਬਣੀਆਂ ਕਮੇਟੀਆਂ ਅਤੇ ਕੌਂਸਲਾਂ ਦੀ ਭੂਮਿਕਾ ਅਤੇ ਧਾਰਾ 19 ਅਧੀਨ ਬੋਰਡ ਦੇ ਫੰਡਾਂ ਅਤੇ ਨਿਯਮਾਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਕਮੇਟੀ ਵੱਲੋਂ ਇਹ ਵੀ ਫੈਸਲਾ ਲਿਆ ਗਿਆ ਕਿ ਉਹ ਆਉਣ ਵਾਲੀ ਮੀਟਿੰਗ ਵਿੱਚ "The Punjab School Education Board Calendar Volume II, Academic Regulations (as amended upto March 31, 2002)" ਦੇ ਰੂਲਾਂ ਦੀ ਵੀ ਘੋਖ ਕਰੇਗੀ। ਮੀਟਿੰਗ ਦੌਰਾਨ ਕਮੇਟੀ ਵੱਲੋਂ ਹੇਠ ਲਿਖੀਆਂ Observations ਕੀਤੀਆਂ ਗਈਆਂ:-<br>1. ਹਰ ਸਾਲ ਸਿਲੇਬਸ ਅਤੇ ਕਿਤਾਬਾਂ ਬਦਲਣ ਕਾਰਨ ਵਿਦਿਆਰਥੀਆਂ ਤੇ ਆਰਥਿਕ ਬੋਝ ਪੈਂਦਾ ਹੈ ਜਿਸ ਦਾ ਹੱਲ ਲੱਭਣ ਲਈ ਵਿਭਾਗ ਨੂੰ ਕਿਹਾ ਗਿਆ।<br>2. ਬੋਰਡ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਵੀ ਜਲਦ ਭਰਨ ਦੀ ਲੋੜ ਦੱਸੀ ਗਈ ਤਾਂ ਜੋ ਕੰਮ ਸੁਚਾਰੂ ਢੰਗ ਨਾਲ ਚੱਲ ਸਕੇ।<br>3. ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਕਿਤਾਬਾਂ ਪ੍ਰਾਈਵੇਟ ਸਕੂਲ ਵੀ ਖਰੀਦਣ ਤਾਂ ਬੋਰਡ ਦੀ ਆਮਦਨ ਵਿੱਚ ਵਾਧਾ ਹੋ ਸਕਦਾ ਹੈ।<br>ਕਮੇਟੀ ਨੇ ਨੋਡਲ ਅਧਿਕਾਰੀ ਨੂੰ ਇਸ ਮਾਮਲੇ ਵਿੱਚ ਲੋੜੀਂਦੇ ਬਦਲਾਅ ਲਈ ਸੁਝਾਅ ਦੇਣ ਲਈ ਕਿਹਾ । |
| 3. | 22.07.2025 | 04 | ਮੀਟਿੰਗ ਵਿੱਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਨੋਡਲ ਅਧਿਕਾਰੀ ਵੱਲੋਂ "The Punjab School Education Board Calendar Volume II, Academic Regulation" ਬਾਰੇ ਕਮੇਟੀ ਨੂੰ ਵਿਸਥਾਰ ਵਿੱਚ ਜਾਣਕਾਰੀ ਦਿੱਤੀ। |
| 4. | 29.07.2025 | 05 | 1. ਮੀਟਿੰਗ ਵਿੱਚ ਕਮੇਟੀ ਅੱਗੇ ਪੱਤਰ ਮੀਮੋ ਨੰ. SEC/ ME/ SAM/ 2024/2875, dated 05.06.2025 received from State Election Commission, Punjab regarding comments/ currents status over the recommendation/ observations by the Committee of Subordinate Legislation while the scrutiny of The Punjab Municipal Election Rules, 1994 framed under the Punjab State Election Commission Act, 1994 ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਇਸ ਤੇ ਵਿਚਾਰ-ਵਟਾਂਦਰਾ ਕੀਤਾ।<br>2. ਮੀਟਿੰਗ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨੋਡਲ ਅਧਿਕਾਰੀ ਵੱਲੋਂ "The Punjab School Education Board Calendar Volume II, Academic Regulations (Consolidation of Punjab School Education Board Calendar Volume II Academic Regulation 2002 and all further amendments |

| | | | |
|---|---|---|---|
| | | | thereto" ਤੇ ਵਿਚਾਰ ਵਟਾਂਦਰਾ ਕਰਕੇ ਕਮੇਟੀ ਨੂੰ ਇਸ ਸਬੰਧੀ ਜਾਣੂ ਕਰਵਾਇਆ ਗਿਆ। |
| 5. | 12.08.2025 | 04 | ਮੀਟਿੰਗ ਵਿੱਚ ਕਮੇਟੀ ਵਲੋਂ ਹੇਠ ਲਿੱਖੇ ਵਿਭਾਗਾਂ ਨਾਲ ਸਬੰਧਤ ਰੂਲਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ:-<br>(1) The Punjab School Education Board Calendar Volume II, Academic Regulations (as amended upto March 31, 2002),<br>(2) The Punjab Gau Sewa Commission Act, 2014 and,<br>(3) ਕਮੇਟੀ ਵੱਲੋਂ Department of Technical Education, Punjab ਦੇ ਵੱਖ-ਵੱਖ ਨੁਕਤਿਆਂ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸਬੰਧਤ ਵਿਭਾਗਾਂ ਨੂੰ ਇਨ੍ਹਾਂ ਰੂਲਾਂ ਸਬੰਧੀ ਜਨਰਲ ਨਿਰੀਖਣ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ। |
| 6. | 19.08.2025 | 05 | ਮੀਟਿੰਗ ਵਿੱਚ ਕਮੇਟੀ ਵੱਲੋਂ ਹੇਠ ਲਿਖੇ ਏਜੰਡਿਆਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ:-<br>(1) ਸਕੂਲ ਸਿੱਖਿਆ ਵਿਭਾਗ, ਪੰਜਾਬ ਦੇ 11ਵੀਂ ਅਤੇ 12ਵੀਂ ਜਮਾਤ ਨਾਲ ਸਬੰਧਤ ਪਾਠਕ੍ਰਮ/ਪੁਸਤਕਾਂ ਦੀ ਵਿਭਾਗ ਵਲੋਂ ਦਿੱਤੀ ਜਾਣਕਾਰੀ ਤੇ ਵਿਚਾਰ-ਵਟਾਂਦਰਾ।<br>(2) ਪਸ਼ੂ ਪਾਲਣ ਵਿਭਾਗ, ਪੰਜਾਬ ਨਾਲ ਸਬੰਧਤ ਪੰਜਾਬ ਗਊ ਸੇਵਾ ਕਮਿਸ਼ਨ ਸਬੰਧੀ ਬਣੇ ਐਕਟ/ਰੂਲਜ਼ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਕਮੇਟੀ ਵੱਲੋਂ ਮੁੱਖ ਕਾਰਜਕਾਰੀ ਅਫਸਰ ਤੋਂ ਗਊਸ਼ਾਲਾਵਾਂ ਲਈ ਬਿਜਲੀ ਸਬਸਿਡੀ, ਐਮਰਜੈਂਸੀ ਹੈਲਪਲਾਈਨ, ਜ਼ਿਲ੍ਹਾਵਾਰ ਗਊਸ਼ਾਲਾ ਕੈਟਲ ਪੌਂਡ ਸੂਚੀ, ਇੰਸਪੈਕਸ਼ਨ ਤੇ ਸੁਧਾਰ ਕਾਰਵਾਈ ਅਤੇ ਰਜਿਸਟਰਡ ਗਊਸ਼ਾਲਾਵਾਂ ਲਈ ਲਾਗੂ ਸ਼ਰਤਾਂ ਅਤੇ ਨਿਯਮਾਂ ਦਾ ਪਾਲਣ ਕਰਨ ਸਬੰਧੀ ਜਾਣਕਾਰੀ ਮੰਗੀ ਗਈ।<br>ਕਮੇਟੀ ਵੱਲੋਂ ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਸਕੂਲ ਫੀਸ (ਸਾਲਾਨਾ) ਵਿੱਚ ਵਾਧੇ ਸਬੰਧੀ ਸਾਲ-2020 ਤੋਂ ਅਗਲੇ 5 ਸਾਲਾਂ ਦਾ ਅਕੈਦਮਿਕ ਸ਼ੈਸਨ ਦਾ ਡਾਟਾ ਆਪਣੀ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਲਿਆਉਣ ਲਈ ਕਿਹਾ **ਗਿਆ** |
| 7. | 26.08.2025 | 05 | ਮੀਟਿੰਗ ਵਿੱਚ ਕਮੇਟੀ ਵੱਲੋਂ "Collection and Utilization of Cow Cess and Curbing the menace of Stray Cattle with the Department of Local Government, Department of Animal Husbandry and Punjab Gau Sewal Commission" **ਸਬੰਧੀ** ਵਿਭਾਗਾਂ ਨਾਲ ਸਬੰਧਤ ਵੱਖ-ਵੱਖ ਵਿਸ਼ਿਆ ਜਿਵੇਂ ਕਿ ਫੰਡਾਂ ਦੀ ਵਰਤੋਂ, ਗਊਸ਼ਾਲਾਵਾਂ |

| | | | |
|---|---|---|---|
| | | | ਦੀ ਸਾਂਭ-ਸੰਭਾਲ, ਆਵਰਾ ਪਸ਼ੂਆਂ ਦੇ ਪੀੜਤਾਂ ਨੂੰ ਮੁਆਵਜੇ ਆਦਿ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।<br>ਮੀਟਿੰਗ ਉਪਰੰਤ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਅਧੀਨ ਸਕੱਤਰ (ਸਿੱਖਿਆ-3 ਸ਼ਾਖਾ) ਦੇ ਪੱਤਰ ਨੰ. Special/2025/148-5EDU3, ਮਿਤੀ 26.08.2025 ਨੂੰ ਕਮੇਟੀ ਅੱਗੇ ਰੱਖਿਆ ਗਿਆ, ਪੱਤਰ ਨੂੰ ਕਮੇਟੀ ਵੱਲੋਂ ਵਿਚਾਰਨ ਉਪਰੰਤ ਕਮੇਟੀ ਨੇ ਚਾਹਿਆ ਕਿ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵੱਲੋਂ ਫੀਸਾਂ ਵਿੱਚ ਕੀਤੇ ਬੇਲੋੜੇ ਵਾਧੇ ਸਬੰਧੀ ਕਮੇਟੀ ਲੁਧਿਆਣਾ ਸਹਿਰ ਦੇ ਵੱਖ-ਵੱਖ ਪ੍ਰਾਈਵੇਟ ਸਕੂਲਾਂ ਦਾ ਵੀ ਦੌਰਾ ਕਰੇਗੀ ਅਤੇ ਆਪਣੀ ਅਗਲੀ ਮੀਟਿੰਗ ਵੀ ਲੁਧਿਆਣਾ ਸ਼ਹਿਰ ਵਿਖੇ ਕਰੇਗੀ। |
| 8. | 30.09.2025 | 04 | ਮੀਟਿੰਗ ਵਿੱਚ ਕਮੇਟੀ ਵੱਲੋਂ ਸਥਾਨਕ ਸਰਕਾਰ ਵਿਭਾਗ, ਪੰਜਾਬ ਦੇ ਅਧਿਕਾਰੀਆਂ ਵੱਲੋਂ ਕਮੇਟੀ ਵਿੱਚ ਹਾਜ਼ਰ ਨਾ ਹੋਣ ਦਾ ਗੰਭੀਰ ਨੋਟਿਸ ਲਿਆ ਗਿਆ ਅਤੇ ਇਸ ਸਬੰਧੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਸਥਾਨਕ ਸਰਕਾਰ ਵਿਭਾਗ ਦੇ ਹਾਜ਼ਰ ਨਾ ਹੋਣ ਵਾਲੇ ਅਧਿਕਾਰੀਆਂ ਤੇ ਐਕਸ਼ਨ ਲੈਣ ਲਈ ਕਿਹਾ ਗਿਆ। ਇਸ ਤੋਂ ਇਲਾਵਾ ਕਮੇਟੀ ਵੱਲੋਂ Kaind Gaushala, Ludhiana, Setting up of Veterinary Lab at Nurpur Bedi, Distt. Ropar & Cultivation of Fodder at Ropar Gaushala (Village Sukhe Majra) Land ਆਦਿ ਵਿਸ਼ਿਆਂ ਤੇ ਵਿਚਾਰ-ਵਟਾਂਦਰਾ ਕੀਤਾ। ਕਮੇਟੀ ਵੱਲੋਂ ਲੁਧਿਆਣਾ ਸ਼ਹਿਰ ਵਿਖੇ ਘੁੰਮ ਰਹੀਆਂ ਆਵਾਰਾ ਗਾਵਾਂ ਸਬੰਧੀ ਗੰਭੀਰ ਨੋਟਿਸ ਲੈਂਦੇ ਹੋਏ Department of Local Bodies, Punjab ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ **ਗਏ** ਕਿ ਡਿਪਟੀ ਕਮਿਸ਼ਨਰ, ਲੁਧਿਆਣਾ ਨੂੰ 30 ਦਿਨਾਂ ਦੇ ਅੰਦਰ-ਅੰਦਰ ਆਵਾਰਾ ਗਊਆਂ ਨੂੰ ਹਟਾਉਣ ਲਈ ਪੱਤਰ ਲਿਖਿਆ ਜਾਵੇ। |
| 9. | 14.10.2025 | 05 | ਕਮੇਟੀ ਵਲੋਂ "The Punjab School Education Board Calendar Volume II, Academic Regulation Issue of History Books (including Punjab Sikh History) in 11th and 12th Standard for school affiliated with the Punjab School Education Board and Controlling the stray cattle wandering on the roads in the State of Punjab" ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਕਮੇਟੀ ਵੱਲੋਂ ਹਦਾਇਤਾਂ ਕੀਤੀਆਂ ਗਈਆਂ ਕਿ ਅਵਾਰਾ ਪਸ਼ੂਆਂ ਦੀ ਗੰਭੀਰ ਸਮੱਸਿਆ ਨੂੰ ਮੱਦੇਨਜ਼ਰ ਰੱਖਦੇ ਹੋਏ Department of Local Bodies ਦੇ ਅਧਿਕਾਰੀਆਂ ਨੂੰ ਸਾਰੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਅਤੇ ਨਗਰ ਪੰਚਾਇਤਾਂ ਨੂੰ 30 ਦਿਨਾਂ ਵਿੱਚ ਪਸ਼ੂਆਂ ਨੂੰ ਸੜਕਾਂ ਤੋਂ ਹਟਾ ਕੇ |

| | | | |
|---|---|---|---|
| | | | ਗਊਸ਼ਾਲਾਵਾਂ ਵਿੱਚ ਭੇਜਣ ਲਈ ਕਾਰਵਾਈ ਕਰਨ ਲਈ ਕਿਹਾ ਜਾਵੇ ਅਤੇ ਇਸ ਦੀ ਰਿਪੋਰਟ ਵੀ ਮੰਗੀ ਜਾਵੇ। |
| 10. | 04.11.2025 | 04 | ਮੀਟਿੰਗ ਵਿੱਚ ਪਸ਼ੂ ਪਾਲਣ, ਡੇਅਰ ਵਿਕਾਸ ਅਤੇ ਮੱਛੀ ਪਾਲਣ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਪੱਤਰ ਮੀਮੋ ਨੰ. 14/08/2025-ਪਪ1(4)/15957, ਮਿਤੀ 17.10.2025 ਨੂੰ ਕਮੇਟੀ ਅੱਗੇ ਰੱਖਿਆ ਗਿਆ। ਇਸ ਤੋਂ ਇਲਾਵਾ ਡਰਾਫਟ ਰੂਲਜ਼ "The Punjab Gau Sewa Commission Rules, 2025 framed under Section 28 of the Punjab Gau Sewa Commission Act, 2014 (No. 27 of 2014) and Supply of the Punjab School, Education Board Calendar Volume II, 2025 (Academic Regulations)" ਤੇ ਵੀ ਵਿਚਾਰ-ਵਟਾਂਦਰਾ ਕੀਤਾ। |
| 11. | 12.11.2025 | 04 | ਮੀਟਿੰਗ ਵਿੱਚ ਡਾਇਰੈਕਟੋਰੇਟ, ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਵਲੋਂ ਪ੍ਰਾਪਤ ਪੱਤਰ ਨੰ. ਸ4-ਜਸ-ਡਸਸ-2025/73978, ਮਿਤੀ 07.11.2025 ਪੇਸ਼ ਕੀਤਾ ਗਿਆ, ਜੋ ਕਿ ਕਮੇਟੀ ਵੱਲੋਂ ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਦੇ ਡਾਇਰੈਕਟਰ, ਡਿਪਟੀ ਕਮਿਸ਼ਨਰ, ਕਮਿਸ਼ਨਰ, ਨਗਰ ਨਿਗਮ ਅਤੇ ਵਧੀਕ ਕਮਿਸ਼ਨਰ (ਅਰਬਨ ਡਿਵੈਲਪਮੈਂਟ) ਨੂੰ ਲਿਖੇ ਗਏ ਪੱਤਰ ਦਾ ਜਵਾਬ ਹੈ, ਜਿਸ ਦਾ ਵਿਸ਼ਾ ਮਿਤੀ 14.10.2025 ਦੀ ਮੀਟਿੰਗ ਵਿੱਚ ਕਮੇਟੀ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਅਨੁਸਾਰ ਸੜਕਾਂ ਤੇ ਘੁੰਮ ਰਹੇ ਅਵਾਰਾ ਪਸ਼ੂਆਂ ਨੂੰ ਵੱਖ-ਵੱਖ Cattle Ponds ਅਤੇ ਗਊਸ਼ਾਲਾਵਾਂ ਵਿੱਚ ਸ਼ਿਫਟ ਕਰਨ ਸਬੰਧੀ ਸੀ। ਇਸ ਤੋਂ ਇਲਾਵਾਂ Department of Local Government, Punjab ਨਾਲ ਸਬੰਧਤ ਅਤੇ ਇਸ ਨਾਲ ਜੁੜੇ ਮੁੱਦਿਆਂ ਤੇ ਵੀ ਚਰਚਾ ਕੀਤੀ ਗਈ ਜਿਵੇਂ ਕਿ ਸੂਬੇ ਦੀਆਂ ਸਾਰੀਆਂ ਰਜਿਸਟਰਡ ਗਊਸ਼ਾਲਾਵਾਂ ਨੂੰ ਸਰਕਾਰੀ ਸਹਾਇਤਾ ਦੀ ਸਪਲਾਈ ਸਬੰਧੀ, ਸਾਰੀਆਂ ਰਜਿਸਟਰਡ ਗਊਸ਼ਾਲਾਵਾਂ ਨੂੰ ਜਮੀਨ ਦੀ ਨਿਲਾਮੀ ਵਿੱਚ ਹਿੱਸਾ ਲੈਣ ਦੀ ਇਜਾਜਤ ਦੇਣ ਲਈ, Cow Cess ਇਕੱਠਾ ਕਰਨ, ਨੋਟਿਫਿਕੇਸ਼ਨ ਅਤੇ ਸਿਫਾਰਸ਼ਾਂ ਜਾਰੀ ਕਰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਆਵਾਰਾ ਪਸ਼ੂਆਂ ਨੂੰ ਫੜਨ ਲਈ ਮੁਹਿੰਮ ਦੀ ਸ਼ੁਰੂਆਤ ਕਰਨਾ ਅਤੇ ਕਮੇਟੀ ਵੱਲੋਂ Department of Animal Husbandry, Dairy Development and Fisheries, Punjab ਦੇ Punjab Gau Sewa Commission ਨਾਲ ਸਬੰਧਤ ਨਿਯਮਾਂ ਦੀ ਪੜਤਾਲ ਵੀ ਕੀਤੀ ਗਈ । |
| 12. | 23.12.2025 | 04 | ਕਮੇਟੀ ਵਲੋਂ The Punjab School Education Board Calendar Volume II, Academic Regulation 2025 ਸਬੰਧੀ |

| | | | |
|---|---|---|---|
| | | | ਰੂਲਾਂ ਤੇ ਵਿਚਾਰ-ਵਟਾਂਦਰਾ ਅਤੇ ਘੋਖ ਕੀਤੀ ਗਈ। ਮੀਟਿੰਗ ਵਿੱਚ ਕਮੇਟੀ ਵੱਲੋਂ ਹੇਠ ਲਿਖੀਆਂ ਸਿਫਾਰਸ਼ਾਂ ਕੀਤੀ ਗਈਆ:-<br>(1) ਚੇਅਰਮੈਨ ਦੀ ਥਾਂ ਚੇਅਰਪਰਸ਼ਨ ਸ਼ਬਦ ਵਰਤਣ ਸਬੰਧੀ।<br>(2) ਸ਼ਿਕਾਇਤਾਂ ਲਈ ਪ੍ਰਣਾਲੀ ਬਣਾਉਣ ਅਤੇ ਹੈਲਪਲਾਈਨ ਨੰਬਰ, ਵੈਬਸਾਈਟ ਅਤੇ ਬੋਰਡ ਦੇ ਨੋਟਿਸ ਬੋਰਡ ਤੇ ਦਿਖਾਉਣ **ਸਬੰਧੀ**।<br>(3) ਸਰਕਾਰੀ ਸਕੂਲਾਂ ਵਿੱਚ ਪ੍ਰੀ-ਨਰਸਰੀ/ਨਰਸਰੀ ਅਤੇ ਕੇ.ਜੀ. ਕਲਾਸਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਪੜਾਉਣ ਦੀਆਂ ਸ਼ਿਫਾਰਸਾਂ ਕੀਤੀਆਂ ਗਈਆਂ। |
| 13. | 06.01.2026 | 04 | 1) ਪੱਤਰ ਨੰ. ਸ4-ਜਸ-ਡਸਸ-2025/91229, dated 23.12.2025 received from the Directorate, Department of Local Government, Punjab , reg. supplying the requisitioned information in line with the directions issued by the Committee communicated vide a letter of SLC Branch of Vidhan Sabha dated 17.12.2025 ਕਮੇਟੀ ਅੱਗੇ ਪੇਸ਼ ਕੀਤਾ ਗਿਆ।<br>2) Letter bearing No. ਅਸ5-ਡਸਸ- (ਵਿਧਾਨ ਸਭਾ-183/ 55)2025/89578 dated 19.12.2025 received from the Directorate, Department of Local Government, Punjab for the report on the directions issued by the Committee communicated vide letter No.11-ਐਸ.ਐਲ.ਸੀ./2025-26/ 14073, dated 03.10.2025 ਕਮੇਟੀ ਅੱਗੇ ਪੇਸ਼ ਕੀਤਾ ਗਿਆ। ਕਮੇਟੀ ਵੱਲੋਂ ਸਥਾਨਕ ਸਰਕਾਰ ਵਿਭਾਗ ਨਾਲ ਸਬੰਧਤ ਗਉ ਸੈਸ ਸਬੰਧੀ ਮੁੱਦਿਆ ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।<br>3) ਸਭਾਪਤੀ ਨੇ ਮਿਤੀ 3.07.2025, 8.07.2025, 22.07.2025, 29.07.2025, 12.08.2025, 19.08.2025, 26.08.2025, 30.09.2025, 14.10.2025, 04.11.2025, 12.11.2025 ਅਤੇ 23.12.2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 14. | 11.02.2026 | 05 | ਕਮੇਟੀ ਵੱਲੋਂ ਪੱਤਰ ਨੰ. SED/EDU3010/14/20251EDU 31/ 1197658/2025, dated 10.09.2025 of the Department of School Education ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਮੇਟੀ ਵੱਲੋਂ the Punjab School Education Board Calendar Volume II Academic Regulations (As amended upto 30.09.2025) ਦੀ ਘੋਖ ਕਰਨ ਉਪਰੰਤ ਇਸ ਸਬੰਧੀ ਸ਼ਿਫਾਰਸ਼ਾਂ ਜਾਰੀ |

| | | | |
|---|---|---|---|
| | | | ਕੀਤੀਆਂ ਗਈਆਂ, ਜਿਵੇਂ ਕਿ Re-checking ਦੇ ਸਮੇਂ ਵਿੱਚ ਵਾਧਾ, Re-evaluation ਅਤੇ Amanuensis (writer) ਦੀ ਫੀਸ ਵਿੱਚ ਵਾਧੇ ਸਬੰਧੀ। |
| 15. | 24.02.26 | 04 | ਇਹ ਮੀਟਿੰਗ ਮਾਣਯੋਗ ਸਪੀਕਰ ਸਾਹਿਬ ਦੀ ਆਗਿਆ ਅਨੁਸਾਰ ਲੁਧਿਆਣਾ ਵਿਖੇ ਕੀਤੀ ਗਈ। ਮੀਟਿੰਗ ਵਿੱਚ ਕਮੇਟੀ ਦੇ ਮਾਣਯੋਗ ਮੈਂਬਰਾਂ, ਵਿਧਾਨ ਸਭਾ ਦੇ ਅਫਸਰਾਂ ਤੋਂ ਇਲਾਵਾ ਲੁਧਿਆਣਾ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀ, ਡਿਪਟੀ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ, ਜਗਰਾਓ, ਜਿਲ੍ਹਾ ਸਿੱਖਿਆ ਅਫਸਰ ਆਦਿ ਹਾਜ਼ਰ ਸਨ। ਇਸ ਮੀਟਿੰਗ ਵਿੱਚ Dr. Jagjit Singh Dhuri, President, Federation of Private Schools ਵੱਲੋਂ ਲਿਖਿਆ ਪੱਤਰ ਨੰ. FPSAP/02/24/2026/0278, dated 24.02.2026, ਜੋ ਕਿ ਫੀਸ ਰੈਗੂਲੇਟਰੀ ਐਕਟ, 2016 ਹੇਠ 8% ਸਾਲਾਨਾ ਫੀਸ ਵਾਧੇ ਬਾਰੇ ਸਪਸ਼ਟੀਕਰਨ ਮੰਗਣ ਸਬੰਧੀ ਸੀ, ਕਮੇਟੀ ਅੱਗੇ ਰੱਖਿਆ ਗਿਆ ਅਤੇ ਕਮੇਟੀ ਵਲੋਂ "The Punjab Regulation of Fee of Un-Aided Educational Institutions Act, 2016 ਤੇ District Administration, Ludhiana, Department of School Education, Punjab and Punjab School Education Board" ਸਬੰਧੀ ਐਕਟਾਂ ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। |
| 16. | 06.03.26 | 07 | ਮੀਟਿੰਗ ਵਿੱਚ ਕਮੇਟੀ ਦੀ 47ਵੀਂ ਰਿਪੋਰਟ ਕਮੇਟੀ ਦੇ ਚੇਅਰਮੈਨ ਸਾਹਿਬ ਵੱਲੋਂ ਪ੍ਰਵਾਨ ਕਰਨ ਉਪਰੰਤ ਸਦਨ ਵਿੱਚ ਪੇਸ਼ ਕੀਤੀ ਗਈ ਅਤੇ ਸਭਾਪਤੀ ਨੇ ਆਪਣੀਆਂ ਮਿਤੀ 06.01.2026, 11.02.2026 ਅਤੇ 24.02.2026 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |

4. ਕਮੇਟੀ ਦੀਆਂ ਮਿਤੀ 29.05.2025, 05.08.2025, 08.10.2025, 28.10.2025, 19.11.2025, 02.12.2025, 16.12.2025, 13.01.2026, 27.01.2026, 03.02.2026 ਅਤੇ 03.02.2026 ਦੀ ਮੀਟਿੰਗਾਂ ਦਾ ਕੋਰਮ ਪੂਰਾ ਨਾ ਹੋਣ ਕਰਕੇ ਸਥਗਿਤ ਹੋ ਗਈਆਂ।

5. ਕਮੇਟੀ ਨੇ ਚੰਡੀਗੜ੍ਹ ਤੋਂ ਇਲਾਵਾ ਮਿਤੀ 24.02.2026 ਨੂੰ ਲੁਧਿਆਣਾ ਸ਼ਹਿਰ ਵਿਖੇ ਵੀ ਮੀਟਿੰਗ ਕੀਤੀ।

## ਆਮ ਮੰਤਵਾਂ ਸਬੰਧੀ ਕਮੇਟੀ

## ਚੋਣ ਅਤੇ ਬਣਤਰ

ਮਾਨਯੋਗ ਸਪੀਕਰ ਸਾਹਿਬ, ਪੰਜਾਬ ਵਿਧਾਨ ਸਭਾ ਵੱਲੋਂ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 245 ਅਤੇ 246 ਅਧੀਨ ਸਾਲ 2025-26 ਲਈ ਅਧਿਸੂਚਨਾ ਨੰ:1-ਏ/ਜੀ.ਪੀ.ਸੀ./2025-26/45, ਮਿਤੀ 23 ਜੁਲਾਈ, 2025 ਰਾਹੀਂ ਆਮ ਮੰਤਵਾਂ ਸਬੰਧੀ ਕਮੇਟੀ ਵਿੱਚ ਸਰਵ ਕਰਨ ਲਈ ਹੇਠ ਲਿਖੇ ਮੈਂਬਰਾਂ ਨੂੰ ਨਾਮਜ਼ਦ ਕੀਤਾ :-

| ਲੜੀ ਨੰ: | ਮੈਂਬਰ ਦਾ ਨਾਂ | ਅਹੁੱਦਾ |
|---|---|---|
| 1. | **ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਪੀਕਰ** | **ਸਭਾਪਤੀ ਅਹੁੱਦੇ ਦੇ ਆਧਾਰ ਤੇ** |
| 2. | ਸਰਦਾਰ ਜੈ ਕ੍ਰਿਸ਼ਨ ਸਿੰਘ, ਡਿਪਟੀ ਸਪੀਕਰ | **ਮੈਂਬਰ** |
| 3. | ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | ,, |
| 4. | ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ | ,, |
| 5. | ਡਾ. ਇੰਦਰਬੀਰ ਸਿੰਘ ਨਿੱਜਰ | ,, |
| 6. | ਸ਼੍ਰੀਮਤੀ ਇੰਦਰਜੀਤ ਕੌਰ ਮਾਨ | ,, |
| 7. | ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ | ,, |
| 8. | ਸਰਦਾਰ ਸਰਵਨ ਸਿੰਘ ਧੁੰਨ | ,, |
| 9. | ਸਰਦਾਰ ਕੁਲਵੰਤ ਸਿੰਘ | ,, |
| 10. | ਸਰਦਾਰ ਕੁਲਵੰਤ ਸਿੰਘ ਪੰਡੋਰੀ | ,, |
| 11. | ਸਰਦਾਰ ਕੁਲਵੰਤ ਸਿੰਘ ਸਿੱਧੂ | ,, |
| 12. | ਸਰਦਾਰ ਗੁਰਪ੍ਰੀਤ ਸਿੰਘ ਬਨਾਂਵਲੀ | ,, |
| 13. | ਸਰਦਾਰ ਜਗਰੂਪ ਸਿੰਘ ਗਿੱਲ | ,, |
| 14. | ਸ਼੍ਰੀ ਜੰਗੀ ਲਾਲ ਮਹਾਜਨ | ,, |

| | | |
|---|---|---|
| 15. | ਸ਼੍ਰੀਮਤੀ ਜੀਵਨਜੋਤ ਕੌਰ | ,, |
| 16. | ਸਰਦਾਰ ਦਲਜੀਤ ਸਿੰਘ ਗਰੇਵਾਲ | ,, |
| 17. | ਸਰਦਾਰ ਦਵਿੰਦਰਜੀਤ ਸਿਘ ਲਾਡੀ ਢੋਸ | ,, |
| 18. | ਡਾ. ਨਛੱਤਰ ਪਾਲ | ,, |
| 19. | ਸ਼੍ਰੀ ਬ੍ਰਹਮ ਸ਼ੰਕਰ ਜਿੰਪਾ | ,, |
| 20. | ਪ੍ਰਿਸੀਪਲ ਬੁੱਧ ਰਾਮ | ,, |
| 21. | ਡਾ. ਮੁਹੰਮਦ ਜਮੀਲ ਉਰ ਰਹਿਮਾਨ | ,, |
| 22. | ਸਰਦਾਰ ਮਨਜੀਤ ਸਿੰਘ ਬਿਲਾਸਪੁਰ | ,, |
| 23. | ਸਰਦਾਰ ਮਨਪ੍ਰੀਤ ਸਿੰਘ ਇਆਲੀ | ,, |
| 24. | ਰਾਣਾ ਗੁਰਜੀਤ ਸਿੰਘ | ,, |

**ਵਿਸ਼ੇਸ਼ ਤੌਰ ਤੇ ਸੱਦੇ ਜਾਣ ਵਾਲੀਆਂ ਸਖਸ਼ੀਅਤਾਂ:–**

1. ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ
2. ਡਾ. ਰਵਜੋਤ ਸਿੰਘ, ਸੰਸਦੀ ਕਾਜ ਮੰਤਰੀ
3. ਸ਼੍ਰੀ ਅਮੋਲਕ ਸਿੰਘ, ਮੈਂਬਰ

ਆਮ ਮੰਤਵਾਂ ਸਬੰਧੀ ਕਮੇਟੀ ਦੀ ਸਾਲ 2025-26 ਦੌਰਾਨ ਕੋਈ ਵੀ ਮੀਟਿੰਗ ਨਹੀਂ ਹੋਈ।

.....................

## ਸਦਨ ਦੀ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ

## ਚੋਣ ਅਤੇ ਬਣਤਰ

1. ਪੰਜਾਬ ਵਿਧਾਨ ਸਭਾ ਦੇ 10 ਮੈਂਬਰਾਂ ਵਾਲੀ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ ਪੰਜਾਬ ਵਿਧਾਨ ਸਭਾ ਦੀ ਕਾਰਜ-ਵਿਧੀ ਅਤੇ ਨਿਯਮਾਵਲੀ ਦੇ ਨਿਯਮ 251-ਸੀ (1) ਅਨੁਸਾਰ ਮਾਣਯੋਗ ਸਪੀਕਰ ਸਾਹਿਬ ਦੁਆਰਾ ਅਧਿਸੂਚਨਾ ਨੰ: 6-ਸੀ.ਪੀ.ਐਲ/ਲਿਬ.-ਕਮ/2025-26/22, ਮਿਤੀ 19 ਮਈ, 2025 ਨੂੰ ਨਾਮਜ਼ਦ ਕੀਤੀ ਗਈ ਸੀ।

2. ਪੰਜਾਬ ਵਿਧਾਨ ਸਭਾ ਦੀ ਕਾਰਜ-ਵਿਧੀ ਅਤੇ ਕਾਰਜ-ਸੰਚਾਲਣ ਨਿਯਮਾਵਾਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184 (1) ਅਧੀਨ ਮਾਣਯੋਗ ਸਪੀਕਰ ਸਾਹਿਬ ਨੇ ਡਾ. ਮੁਹੰਮਦ ਜਮੀਲ ਉਰ ਰਹਿਮਾਨ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ।

3. ਕਮੇਟੀ ਨੇ ਕੁੱਲ 30 ਮੀਟਿੰਗਾਂ ਕੀਤੀਆਂ। ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ, ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਏ, ਉਨ੍ਹਾਂ ਦੀ ਗਿਣਤੀ ਹੇਠ ਲਿਖੀ ਸਾਰਣੀ ਵਿੱਚ ਦਰਸਾਈ ਗਈ ਹੈ:-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1 | ਡਾ. ਮੁਹੰਮਦ ਜਮੀਲ ਉਰ ਰਹਿਮਾਨ | 26 |
| 2 | ਸ੍ਰੀ ਅਮਨਦੀਪ ਸਿੰਘ ਮੁਸਾਫਿਰ | 12 |
| 3 | ਸ. ਸੁਖਪਾਲ ਸਿੰਘ ਖਹਿਰਾ | 03 |
| 4 | ਸ. ਕੁਲਦੀਪ ਸਿੰਘ ਢਿੱਲੋਂ | 17 |
| 5 | ਕੁੰਵਰ ਵਿਜੈ ਪ੍ਰਤਾਪ ਸਿੰਘ | 03 |
| 6 | ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ | 04 |
| 7 | ਸ੍ਰੀ ਜੰਗੀ ਲਾਲ ਮਹਾਜਨ | 17 |
| 8 | ਸ੍ਰੀ ਬਲਕਾਰ ਸਿੰਘ ਸਿੱਧੂ | 10 |
| 9 | ਸ. ਮਨਵਿੰਦਰ ਸਿੰਘ ਗਿਆਸਪੁਰਾ | 10 |
| 10 | ਡਾ. ਵਿਜੈ ਸਿੰਗਲਾ | 20 |

4. ਸਾਲ 2025-26 ਦੇ ਦੌਰਾਨ ਲਗਭਗ 25,729/- ਰੁਪਏ ਦੇ ਮੁੱਲ ਦੀਆਂ ਪੁਸਤਕਾਂ ਅਤੇ 1,58,149/- ਰੁਪਏ ਦੇ ਮੁੱਲ ਦੇ ਅਖਬਾਰਾਂ ਅਤੇ ਰਸਾਲੇ ਲਾਇਬ੍ਰੇਰੀ ਲਈ ਖਰੀਦੇ ਗਏ।

5. **ਕੀਤੀਆਂ ਗਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਜ:-**

ਮੀਟਿੰਗਾਂ ਦੀਆਂ ਮਿਤੀਆਂ ਅਤੇ ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿੱਚ ਕੀਤਾ ਗਿਆ ਕੰਮ-ਕਾਰ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ:** | **ਮੀਟਿੰਗ ਦੀ ਮਿਤੀ** | **ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ** | **ਕੀਤਾ ਗਿਆ ਕੰਮ-ਕਾਰ** |
|---|---|---|---|
| **1.** | **2.** | **3.** | **4.** |
| 1. | 03-06-2025 | 05 | 1. ਸਕੱਤਰ ਸਾਹਿਬ ਜੀ ਵੱਲੋਂ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਕਮੇਟੀ ਦੇ ਕਾਰਜ ਖੇਤਰ ਬਾਰੇ ਦੱਸਿਆ ਗਿਆ। <br> 2. ਕਮੇਟੀ ਨੇ ਸਭਾ ਸਕੱਤਰੇਤ ਦੀ ਲਾਇਬ੍ਰੇਰੀ ਵਿੱਚ ਉਰਦੂ ਭਾਸ਼ਾ ਦੀਆਂ ਪੁਸਤਕਾਂ ਲਈ ਵੱਖਰਾ ਸੈਕਸ਼ਨ ਬਣਾਉਣ ਦੀ ਸਿਫਾਰਸ਼ ਕੀਤੀ। |
| 2. | 25-06-2025 | 07 | 1. ਕਮੇਟੀ ਨੇ ਬੋਰਡ/ਕਾਰਪੋਰੇਸ਼ਨਾਂ ਦੀ ਚੋਣ ਕੀਤੀ ਅਤੇ ਬੋਰਡ/ ਕਾਰਪੋਰੇਸ਼ਨਾਂ ਨੂੰ ਆਪਣੀਆਂ ਸਲਾਨਾ ਰਿਪੋਰਟਾਂ ਸਬੰਧੀ ਯਾਦ ਪੱਤਰ ਭੇਜਣ ਦਾ ਫੈਸਲਾ ਕੀਤਾ। <br> 2. ਕਮੇਟੀ ਨੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ। ਕਮੇਟੀ ਨੇ ਸ਼੍ਰੀ ਅਮਿਤ ਰਤਨ ਕੋਟਫੱਤਾ, ਐਮ.ਐਲ.ਏ. ਅਤੇ ਭਾਸ਼ਾ ਵਿਭਾਗ, ਪੰਜਾਬ ਵੱਲੋਂ ਵਿਧਾਨ ਸਭਾ ਦੀ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ ਪੁਸਤਕਾਂ ਨੂੰ ਲਾਇਬ੍ਰੇਰੀ ਦੇ ਰਿਕਾਰਡ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਕੀਤਾ। |
| 3. | 02-07-2025 | 07 | 1. ਕਮੇਟੀ ਨੇ ਸ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ. ਦੇ ਅਕਾਲ ਚਲਾਣਾ ਕਰ ਜਾਣ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਉਪਰੰਤ ਵਿਧਾਨ ਸਭਾ ਦੀ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ ਅਤੇ ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਈਆਂ ਰਿਪੋਰਟਾਂ ਅਤੇ ਉੱਤਰਾਂ/ ਪੱਤਰਾਂ ਤੇ ਵਿਚਾਰ ਵਟਾਂਦਰਾ ਕੀਤਾ। <br> 2. ਕਮੇਟੀ ਨੇ ਰਾਜਸਥਾਨ ਦੇ ਸਟੱਡੀ ਟੂਰ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 4. | 09-07-2025 | 05 | ਕਮੇਟੀ ਸਾਹਮਣੇ ਵੱਖ-ਵੱਖ ਵਿਭਾਗਾਂ ਦੀਆਂ ਸਲਾਨਾ ਪ੍ਰਸ਼ਾਸਕੀ ਰਿਪੋਰਟਾਂ ਨੂੰ ਸਦਨ ਦੀ ਮੇਜ਼ ਤੇ ਰੱਖਣ ਲਈ ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਰਿਪੋਰਟਾਂ ਨੂੰ ਨੋਟ ਕੀਤਾ ਅਤੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ ਗਈ। |

| | | | |
|---|---|---|---|
| 5. | 16-07-2025 | 06 | ਕਮੇਟੀ ਨੇ ਮਿਤੀ 03/06/2025, 25/06/2025, 02/07/2025 ਅਤੇ 09/07/2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਅਤੇ ਰਾਜਸਥਾਨ ਦੇ ਸਟੱਡੀ ਟੂਰ ਪ੍ਰੋਗਰਾਮ ਨੂੰ ਰੱਦ ਕਰਨ ਦਾ ਫੈਸਲਾ ਕੀਤਾ। |
| 6. | 23-07-2025 | 06 | ਕਮੇਟੀ ਨੇ ਟਰਾਂਸਪੋਰਟ ਵਿਭਾਗ ਵੱਲੋਂ ਪੰਜਾਬ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਸਬੰਧੀ ਪੱਤਰ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ। |
| 7. | 29-07-2025 | 05 | ਕਮੇਟੀ ਨੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ। |
| 8. | 06-08-2025 | 04 | ਕਮੇਟੀ ਸਾਹਮਣੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਰਿਪੋਰਟਾਂ/ਉੱਤਰ ਪੱਤਰਾਂ ਨੂੰ ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ। ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ ਗਈ । ਕਮੇਟੀ ਨੇ ਮਿਤੀ 16/07/2025, 23/07/2025 ਅਤੇ 29/07/2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 9. | 13.08.2025 | 04 | ਕਮੇਟੀ ਨੇ ਪੈਪਸੂ ਅਤੇ ਪਨਬੱਸ ਦੀਆਂ ਸਲਾਨਾ ਰਿਪੋਰਟਾਂ ਸਦਨ ਦੀ ਮੇਜ਼ ਤੇ ਨਾ ਰੱਖਣ ਸਬੰਧੀ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਦੀ ਮੌਖਿਕ ਪ੍ਰੀਖਿਆ ਕੀਤੀ ਅਤੇ ਸਲਾਨਾ ਰਿਪੋਰਟਾਂ/ ਦਸਤਾਵੇਜ਼ਾਂ ਦੀ ਪੈਂਡਿੰਸੀ ਨੂੰ ਖਤਮ ਕਰਨ ਸਬੰਧੀ ਨਿਰਦੇਸ਼ ਦਿੱਤੇ। |
| 10. | 20-08-2025 | 07 | ਕਮੇਟੀ ਸਾਹਮਣੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਈਆਂ ਰਿਪੋਰਟਾਂ/ਉੱਤਰ ਪੱਤਰਾਂ ਨੂੰ ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ ਅਤੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ ਗਈ। ਕਮੇਟੀ ਨੇ ਯੂਨੀਵਰਸਲ ਪਬਲੀਕੇਸ਼ਨ ਦੀਆਂ ਪੁਸਤਕਾਂ ਖਰੀਦਣ ਦੀ ਸਿਫਾਰਸ਼ ਕੀਤੀ। |
| 11. | 17-09-2025 | 04 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਸਦਨ ਦੀ ਮੇਜ਼ ਤੇ ਰੱਖਣ ਹਿੱਤ ਪ੍ਰਾਪਤ ਹੋਈਆਂ ਰਿਪੋਰਟਾਂ/ਦਸਤਾਵੇਜ਼ਾਂ ਨੂੰ ਸਦਨ ਦੀ ਮੇਜ਼ ਤੇ ਰੱਖਣ ਦੀ ਪ੍ਰਵਾਨਗੀ ਦਿੱਤੀ। |
| 12. | 24-09-2025 | 04 | ਕਮੇਟੀ ਅੱਗੇ ਵੱਖ-ਵੱਖ ਬੋਰਡ/ਕਾਰਪੋਰੇਸ਼ਨਾਂ ਦੀਆਂ ਸਲਾਨਾ ਰਿਪੋਰਟਾਂ ਨੂੰ ਵਿਸ਼ੇਸ਼ ਸਮਾਗਮ ਦੌਰਾਨ ਸਦਨ ਦੀ ਮੇਜ਼ ਤੇ ਰੱਖਣ ਸਬੰਧੀ ਸੂਚੀ ਪੇਸ਼ ਕੀਤੀ ਗਈ ਅਤੇ ਕਮੇਟੀ ਨੇ ਇਸ ਨੂੰ ਪ੍ਰਵਾਨਗੀ ਦਿੱਤੀ। |
| 13. | 01-10-2025 | 03 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ ਅਤੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ। |

| | | | |
|---|---|---|---|
| 14. | 15-10-2025 | 06 | ਕਮੇਟੀ ਨੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ ਅਤੇ ਸ. ਕੁਲਦੀਪ ਸਿੰਘ ਢਿੱਲੋਂ, ਐਮ.ਐਲ.ਏ. ਵੱਲੋਂ ਵਿਧਾਨ ਸਭਾ ਦੀ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ ਪੁਸਤਕਾਂ ਨੂੰ ਲਾਇਬ੍ਰੇਰੀ ਦੇ ਰਿਕਾਰਡ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਕੀਤਾ। |
| 15. | 29-10-2025 | 03 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। ਕਮੇਟੀ ਨੇ ਇਸ ਨੂੰ ਨੋਟ ਕੀਤਾ। ਕਮੇਟੀ ਨੇ ਲਾਇਬ੍ਰੇਰੀ ਦੇ ਕੰਮ-ਕਾਜ ਦੀ ਧੀਮੀ ਗਤੀ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ। ਕਮੇਟੀ ਨੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ ਅਤੇ ਡਾ. ਮੁਹੰਮਦ ਜਮੀਲ ਉਰ ਰਹਿਮਾਨ, ਐਮ.ਐਲ.ਏ. ਵੱਲੋਂ ਵਿਧਾਨ ਸਭਾ ਦੀ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ ਪੁਸਤਕਾਂ ਨੂੰ ਲਾਇਬ੍ਰੇਰੀ ਦੇ ਰਿਕਾਰਡ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਕੀਤਾ। |
| 16. | 12-11-2025 | 04 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ ਅਤੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ। |
| 17. | 19-11-2025 | 03 | 1. ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ ਅਤੇ ਲਾਇਬ੍ਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ।<br>2. ਕਮੇਟੀ ਨੇ Rough Cost Estimate for providing new furniture items in the Library for Punjab Vidhan Sabha ਨੂੰ ਭੇਜੇ ਗਏ ਤਖਮੀਨੇ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਇਸ ਤੇ ਲੋੜੀਂਦੀ ਕਾਰਵਾਈ ਕਰਨ ਲਈ ਪ੍ਰਵਾਨਗੀ ਦਿੱਤੀ।<br>3. ਕਮੇਟੀ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਮਿਤੀ 26.11.2025 ਨੂੰ ਹੋਣ ਵਾਲੀ ਵਿਦਿਆਰਥੀ ਸੰਸਦ ਦੀ ਵਿਧਾਨ ਸਭਾ ਹਾਊਸ ਵਿੱਚ ਚੱਲ ਰਹੀ ਟ੍ਰੇਨਿੰਗ ਦਾ ਦੌਰਾ ਕੀਤਾ ਗਿਆ ਅਤੇ ਗੈਲਰੀ ਵਿੱਚ ਬੈਠ ਕੇ ਮਾਣਯੋਗ ਵਿਧਾਇਕਾਂ ਦੀਆਂ ਸੀਟਾਂ ਤੇ ਬੈਠੇ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਬੜੀ ਬੇਬਾਕੀ ਅਤੇ ਆਤਮ-ਵਿਸ਼ਵਾਸ ਨਾਲ ਕੀਤੀਆਂ ਜਾ ਰਹੀਆਂ ਤਕਰੀਰਾਂ ਨੂੰ ਸੁਣਿਆ। |
| 18. | 24-12-2025 | 06 | 1. ਕਮੇਟੀ ਨੇ ਵੱਖ-ਵੱਖ ਬੋਰਡ/ਕਾਰਪੋਰੇਸ਼ਨਾਂ ਦੀਆਂ ਰਿਪੋਰਟਾਂ ਦੀ ਸੂਚੀ ਦੀ ਜਾਂਚ ਕਰਨ ਉਪਰੰਤ ਵਿਧਾਨ ਸਭਾ ਦੇ ਸਮਾਗਮ ਵਿੱਚ ਰੱਖਣ ਦੀ ਪ੍ਰਵਾਨਗੀ ਦਿੱਤੀ। |

| | | | |
|---|---|---|---|
| | | | 2. ਕਮੇਟੀ ਨੇ ਅੰਡੇਮਾਨ ਅਤੇ ਨਿਕੋਬਾਰ ਦੇ ਸਟੱਡੀ ਟੂਰ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 19. | 29-12-2025 | 04 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ। ਕਮੇਟੀ ਨੇ G.C. Malhotra ਦੀ ਪੁਸਤਕ ਮੰਗਵਾਉਣ ਦੀ ਸ਼ਿਫਾਰਸ ਕੀਤੀ। ਕਮੇਟੀ ਨੇ ਅੰਡੇਮਾਨ ਅਤੇ ਨਿਕੋਬਾਰ ਦੇ ਸਟੱਡੀ ਟੂਰ ਸਬੰਧੀ ਦੁਬਾਰਾ ਵਿਚਾਰ-ਵਟਾਂਦਰਾ ਕੀਤਾ। |
| 20. | 16-01-2026 | 04 | 1. ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ ਅਤੇ ਸ. ਕੁਲਦੀਪ ਸਿੰਘ ਕਾਕਾ ਢਿੱਲੋਂ, ਐਮ.ਐਲ.ਏ. ਵੱਲੋਂ ਵਿਧਾਨ ਸਭਾ ਦੀ ਲਾਇਬ੍ਰੇਰੀ ਨੂੰ ਭੇਂਟ ਕੀਤੀ ਪੁਸਤਕ ਨੂੰ ਲਾਇਬ੍ਰੇਰੀ ਦੇ ਰਿਕਾਰਡ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਕੀਤਾ। ਕਮੇਟੀ ਨੇ ਅੰਡੇਮਾਨ ਅਤੇ ਨਿਕੋਬਾਰ ਦੇ ਸਟੱਡੀ ਟੂਰ ਪ੍ਰੋਗਰਾਮ ਮੁਲਤਵੀ ਕਰਨ ਦਾ ਫੈਸਲਾ ਕੀਤਾ।<br>2. ਕਮੇਟੀ ਨੇ ਆਪਸੀ ਵਿਚਾਰ-ਵਟਾਂਦਰਾ ਕਰਨ ਉਪਰੰਤ ਸਾਲ 2026-27 ਲਈ ਮਾਣਯੋਗ ਸਪੀਕਰ ਸਾਹਿਬ ਅਤੇ ਡਿਪਟੀ ਸਪੀਕਰ ਸ਼ਾਖਾ, ਖੋਜ ਸ਼ਾਖਾ, ਐਮ.ਐਲ.ਏਜ਼. ਹੋਸਟਲ ਅਤੇ ਲਾਇਬ੍ਰੇਰੀ ਸ਼ਾਖਾ ਲਈ ਵੱਖ-ਵੱਖ ਅਖਬਾਰਾਂ ਅਤੇ ਰਸਾਲਿਆਂ ਨੂੰ ਖਰੀਦਣ ਲਈ ਲੋੜੀਂਦੀ ਕਾਰਵਾਈ ਕਰਨ ਦੀ ਪ੍ਰਵਾਨਗੀ ਦਿੱਤੀ। |
| 21. | 21-01-2026 | 04 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਇਸ ਨੂੰ ਨੋਟ ਕੀਤਾ। ਕਮੇਟੀ ਨੇ ਮਿਤੀ 06/08/2025, 13/08/2025, 20/08/2025, 17/09/2025, 24/09/2025, 01/10/2025, 15/10/2025, 29/10/2025, 12/11/2025, 19/11/2025, 24/12/2025 ਅਤੇ 29/12/2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 22. | 28-01-2026 | 04 | 1. ਕਮੇਟੀ ਨੇ ਮਹਾਰਾਸ਼ਟਰ ਦੇ ਡਿਪਟੀ ਮੁੱਖ ਮੰਤਰੀ ਸ਼੍ਰੀ ਅਜੀਤ ਪਵਾਰ, ਡਾ. ਅਜੈ ਗੁਪਤਾ ਦੀ ਧਰਮ ਪਤਨੀ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ. ਜੀ ਦੇ ਪਿਤਾ ਚੌਧਰੀ ਰਾਮ ਕ੍ਰਿਸ਼ਨ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।<br>2. ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ। |

| | | | |
|---|---|---|---|
| 23. | 10-02-2026 | 03 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ। |
| 24. | 18-02-2026 | 04 | 1. ਕਮੇਟੀ ਨੇ ਵੱਖ- ਵੱਖ ਵਿਭਾਗਾਂ ਵੱਲੋਂ ਪ੍ਰਾਪਤ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਇਨ੍ਹਾਂ ਨੂੰ ਬਜਟ ਸਮਾਗਮ ਵਿੱਚ ਸਦਨ ਦੀ ਮੇਜ਼ ਤੇ ਰੱਖਣ ਦੀ ਪ੍ਰਵਾਨਗੀ ਦਿੱਤੀ।<br>2. ਸ. ਕੁਲਦੀਪ ਸਿੰਘ ਕਾਕਾ ਢਿੱਲੋਂ, ਐਮ.ਐਲ.ਏ. ਵੱਲੋਂ ਵਿਧਾਨ ਸਭਾ ਦੀ ਲਾਇਬ੍ਰੇਰੀ ਨੂੰ ਭੇਂਟ ਕੀਤੀ ਪੁਸਤਕ ਨੂੰ ਲਾਇਬ੍ਰੇਰੀ ਦੇ ਰਿਕਾਰਡ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਕੀਤਾ। |
| 25. | 25-02-2026 | 03 | 1. ਕਮੇਟੀ ਨੇ ਆਪਣੀ ਸਲਾਨਾ ਰਿਪੋਰਟ 2025-26 ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਨੂੰ ਬਜਟ ਸਮਾਗਮ ਵਿੱਚ ਪੇਸ਼ ਕਰਨ ਦੀ ਪ੍ਰਵਾਨਗੀ ਦਿੱਤੀ।<br>2. ਕਮੇਟੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਈਆਂ ਰਿਪੋਰਟਾਂ ਨੂੰ ਬਜਟ ਸਮਾਗਮ ਦੌਰਾਨ ਸਦਨ ਦੀ ਮੇਜ਼ ਤੇ ਰੱਖਣ ਦੀ ਪ੍ਰਵਾਨਗੀ ਦਿੱਤੀ। |

6. ਕਮੇਟੀ ਦੀਆਂ ਮਿਤੀ 27.08.2025, 08.10.2025, 03.12.2025, 07.01.2026 ਅਤੇ 04.02.2026 ਨੂੰ ਹੋਈਆਂ ਮੀਟਿੰਗਾਂ ਦਾ ਕੋਰਮ ਪੂਰਾ ਨਾ ਹੋਣ ਕਾਰਨ ਨਹੀਂ ਹੋ ਸਕੀਆਂ।

7. ਮੇਜ਼ ਤੇ ਰੱਖੇ ਗਏ/ ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ ਰਾਹੀਂ ਪੰਜਾਬ ਦੇ ਵੱਖ-ਵੱਖ ਵਿਭਾਗਾਂ ਦੇ ਬੋਰਡਾਂ/ਕਾਰਪੋਰੇਸ਼ਨਾਂ ਦੀਆਂ ਪ੍ਰਾਪਤ ਹੋਈਆਂ ਕੁੱਲ 74 ਸਾਲਾਨਾ ਰਿਪੋਰਟਾਂ/ਪ੍ਰਬੰਧਕੀ ਰਿਪੋਰਟਾਂ/ ਦਸਤਾਵੇਜ਼ਾਂ ਅਤੇ ਲੇਖਿਆਂ ਨੂੰ ਨੈਸ਼ਨਲ ਈ-ਵਿਧਾਨ ਪੋਰਟਲ ਰਾਹੀਂ ਸਦਨ ਦੀ ਮੇਜ਼ ਤੇ ਰੱਖਿਆ ਗਿਆ।

8. ਮੇਜ਼ ਤੇ ਰੱਖ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ ਦੁਆਰਾ ਆਪਣੀ ਕਮੇਟੀ ਦੀ ਦੂਜੀ ਸਲਾਨਾ ਰਿਪੋਰਟ ਮਿਤੀ 12 ਮਾਰਚ, 2026 ਨੂੰ ਸਦਨ ਵਿੱਚ ਪੇਸ਼ ਕੀਤੀ ਗਈ।

---------

## ਹਾਊਸ ਕਮੇਟੀ

## ਚੋਣ ਅਤੇ ਬਣਤਰ

1). ਪੰਜਾਬ ਵਿਧਾਨ ਸਭਾ ਦੇ 9 ਮੈਂਬਰਾਂ ਦੀ ਹਾਊਸ ਕਮੇਟੀ ਮਾਣਯੋਗ ਸਪੀਕਰ ਸਾਹਿਬ ਦੁਆਰਾ ਮਿਤੀ 19 ਮਈ, 2025 ਨੂੰ ਨਾਮਜ਼ਦ ਕੀਤੀ ਗਈ ਸੀ।

2). ਸ. ਜੈ ਕ੍ਰਿਸ਼ਨ ਸਿੰਘ, ਡਿਪਟੀ ਸਪੀਕਰ ਸਾਹਿਬ ਨੂੰ ਅਹੁਦੇ ਦੇ ਆਧਾਰ ਤੇ ਮਿਤੀ 19 ਮਈ, 2025 ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ ਗਿਆ।

3). ਕਮੇਟੀ ਨੇ ਕੁੱਲ 07 ਮੀਟਿੰਗਾਂ ਕੀਤੀਆਂ। ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਇਆ, ਦੀ ਗਿਣਤੀ ਹੇਠ ਲਿਖੀ ਸਾਰਣੀ ਵਿੱਚ ਦਰਸਾਈ ਗਈ ਹੈ :–

| **ਲੜੀ ਨੰ:** | **ਮੈਂਬਰ ਦਾ ਨਾਂ** | **ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ** |
|---|---|---|
| 1 | ਸ. ਜੈ ਕ੍ਰਿਸ਼ਨ ਸਿੰਘ, ਡਿਪਟੀ ਸਪੀਕਰ, ਅਹੁਦੇ ਦੇ ਆਧਾਰ ਤੇ ਸਭਾਪਤੀ | 07 |
| 2 | ਸ਼੍ਰੀ ਹਾਕਮ ਸਿੰਘ ਠੇਕੇਦਾਰ | 02 |
| 3 | ਡਾ. ਇਸ਼ਾਂਕ ਕੁਮਾਰ | 00 |
| 4 | ਸ. ਜਸਵੀਰ ਸਿੰਘ ਰਾਜਾ ਗਿੱਲ | 03 |
| 5 | ਸ. ਕਰਮਬੀਰ ਸਿੰਘ | 07 |
| 6 | ਸ. ਕੁਲਵੰਤ ਸਿੰਘ ਬਾਜੀਗਰ | 03 |
| 7 | ਸ. ਮਨਜਿੰਦਰ ਸਿੰਘ ਲਾਲਪੁਰਾ | 01 |
| 8 | ਸ਼੍ਰੀਮਤੀ ਨੀਨਾ ਮਿੱਤਲ | 06 |
| 9 | ਸ. ਸੁਖਬਿੰਦਰ ਸਿੰਘ ਸਰਕਾਰੀਆ | 04 |

4). ਹੋਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਰ :

ਮੀਟਿੰਗਾਂ ਦੀਆਂ ਮਿਤੀਆਂ, ਹਾਜ਼ਰ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿੱਚ ਕੀਤਾ ਗਿਆ ਕੰਮ-ਕਾਰ ਹੇਠਾਂ ਲਿਖੀ ਸਾਰਣੀ ਵਿੱਚ ਦਰਸਾਇਆ ਗਿਆ ਹੈ :-

| **ਲੜੀ ਨੰ:** | **ਮੀਟਿੰਗ ਦੀ ਮਿਤੀ** | **ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ** | **ਕੀਤਾ ਗਿਆ ਕੰਮ-ਕਾਰ** |
|---|---|---|---|
| **1.** | **2.** | **3.** | **4.** |
| 01. | 08.07.2025 | 05 | 1. ਕਮੇਟੀ ਨੇ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਮੈਂਬਰਾਂ ਦੀ ਸੁੱਖ ਸੁਵਿਧਾ ਅਤੇ ਹੋਰ ਮਿਲਦੀਆਂ ਸਹੂਲਤਾਂ ਬਾਰੇ ਅਤੇ ਕਮੇਟੀ ਦੇ ਅਧਿਕਾਰ ਖੇਤਰ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| | | | 2. ਕਮੇਟੀ ਦੇ ਧਿਆਨ ਵਿੱਚ ਆਇਆ ਕਿ ਪੰਜਾਬ ਐਮ.ਐਲ.ਏਜ਼. ਹੋਸਟਲ, ਸੈਕਟਰ-04, ਚੰਡੀਗੜ੍ਹ ਵਿਖੇ ਬਾਹਰੋਂ ਆਉਂਦੇ ਮੁਲਾਜ਼ਮਾਂ/ ਲੋਕਾਂ ਦੀ ਆਮਦ ਸਮੇਂ ਵਹੀਕਲ ਗੇਟ ਤੇ ਰਿਕਾਰਡ ਵਿੱਚ ਕੋਈ ਐਂਟਰੀ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਕੋਈ ਰਿਕਾਰਡ ਸਾਂਭਿਆ ਜਾਂਦਾ ਹੈ। ਇਸ ਲਈ ਕਮੇਟੀ ਨੇ ਫੈਸਲਾ ਕੀਤਾ ਕਿ ਸਬੰਧਤ ਅਧਿਕਾਰੀ ਕਮਾਂਡੈਂਟ, 82ਵੀਂ ਬਟਾਲੀਅਨ, ਪੀ.ਏ.ਪੀ., ਚੰਡੀਗੜ੍ਹ ਨੂੰ ਕਮੇਟੀ ਦੀ ਅਗਲੀ ਮੀਟਿੰਗ ਵਿੱਚ ਉਪਰੋਕਤ ਸਥਿਤੀ ਤੇ ਆਪਣਾ ਪੱਖ ਰੱਖਣ ਲਈ ਬੁਲਾ ਲਿਆ ਜਾਵੇ।<br>3. ਕਮੇਟੀ ਨੇ ਪੰਜਾਬ ਐਮ.ਐਲ.ਏਜ਼. ਹੋਸਟਲ, ਸੈਕਟਰ-04, ਚੰਡੀਗੜ੍ਹ ਵਿਖੇ ਵੀ.ਆਈ.ਪੀ. ਡਾਇਨਿੰਗ ਹਾਲ ਅਤੇ ਜਨਰਲ ਡਾਇੰਨਿੰਗ ਹਾਲ ਵਿੱਚ ਨਵਾਂ ਫਰਨੀਚਰ ਸਿਲੈਕਟ ਕਰਵਾ ਕੇ ਖਰੀਦਣ ਦੀ ਸਹਿਮਤੀ ਦਿੱਤੀ।<br>4. ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪੰਜਾਬ ਐਮ.ਐਲ.ਏਜ਼. ਹੋਸਟਲ, ਸੈਕਟਰ-04, ਚੰਡੀਗੜ੍ਹ ਦੇ ਕਮਰਾ ਨੰ. 1, 2 ਅਤੇ 3 ਵਿੱਚ ਬਿਜਲੀ ਸਬੰਧੀ ਦਿੱਕਤਾਂ ਪੇਸ਼ ਆਉਂਦੀਆਂ ਹਨ, ਜਿਸ ਲਈ ਉੱਥੇ ਇਨਵਰਟਰ ਲਗਾਇਆ ਜਾਵੇ। ਕਮੇਟੀ ਦੇ ਧਿਆਨ ਵਿੱਚ ਇਹ ਵੀ ਆਇਆ ਕਿ ਐਮ.ਐਲ.ਏਜ਼. ਹੋਸਟਲ ਵਿਖੇ ਜਨਰੇਟਰ ਲਗਾਉਣ ਦਾ ਕੰਮ ਹਾਲੇ ਵੀ ਪੈਂਡਿੰਗ ਪਿਆ ਹੈ।<br>ਕਮੇਟੀ ਨੇ ਹਦਾਇਤ ਕੀਤੀ ਕਿ ਉੱਕਤ ਕਮਰਿਆਂ ਲਈ ਲਾਜ਼ਮੀ ਤੌਰ ਤੇ ਇੱਕ ਇਨਵਰਟਰ ਮੁਹੱਈਆ ਕਰਵਾ ਦਿੱਤਾ ਜਾਵੇ ਅਤੇ ਪੰਜਾਬ ਐਮ.ਐਲ.ਏਜ਼. ਹੋਸਟਲ ਵਿਖੇ ਲੱਗਣ ਵਾਲੇ ਜਨਰੇਟਰ ਦਾ ਕੰਮ ਵੀ ਸਮੇਂ ਸਿਰ ਪੂਰਾ ਕੀਤਾ ਜਾਵੇ। |
| 02. | 16-07-2025 | 04 | ਕਮੇਟੀ ਨੇ ਪੰਜਾਬ ਐਮ.ਐਲ.ਏਜ਼. ਫਲੈਟਸ ਸੈਕਟਰ-03, 04 ਅਤੇ 39, ਚੰਡੀਗੜ੍ਹ ਦੇ ਰੱਖ-ਰਖਾਵ ਸਬੰਧੀ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 03. | 30-07-2025 | 04 | 1. ਕਮੇਟੀ ਨੇ ਸ੍ਰੀ ਅਮਿਤ ਰਤਨ ਕੋਟਫੱਤਾ, ਐਮ.ਐਲ.ਏ. ਵੱਲੋਂ ਦਿੱਤੇ ਗਏ ਪੱਤਰ ਅਨੁਸਾਰ ਵਿਧਾਨਕਾਰ ਹੋਸਟਲ ਕੰਟੀਨ, ਸੈਕਟਰ-04, ਚੰਡੀਗੜ੍ਹ ਵਿਖੇ ਮਾਣਯੋਗ ਵਿਧਾਇਕਾਂ ਦੇ ਸਕਿਉਰਟੀ ਸਟਾਫ ਲਈ ਫੂਡ (ਥਾਲੀ) ਦੀ ਪ੍ਰੋਵੀਜ਼ਨ ਕਰਵਾਉਣ ਸਬੰਧੀ ਪ੍ਰਾਹੁਣਚਾਰੀ ਵਿਭਾਗ, ਪੰਜਾਬ ਦੇ ਉੱਚ-ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।<br>ਕਮੇਟੀ ਨੇ ਡਾਇਰੈਕਟਰ, ਪ੍ਰਹੁਣਾਚਾਰੀ ਵਿਭਾਗ, ਪੰਜਾਬ ਨੂੰ ਹਦਾਇਤ ਕੀਤੀ ਕਿ ਵਿਧਾਨਕਾਰ ਹੋਸਟਲ ਕੰਟੀਨ, ਸੈਕਟਰ-04, |

| | | | |
|---|---|---|---|
| | | | ਚੰਡੀਗੜ੍ਹ ਵਿਖੇ ਮਾਣਯੋਗ ਵਿਧਾਇਕਾਂ ਦੇ ਸਟਾਫ/ਗੰਨਮੈਨਾਂ ਲਈ ਵੱਖਰੇ ਤੌਰ ਤੇ ਖਾਣੇ ਦੀ ਸੁਵਿਧਾ ਦਾ ਪ੍ਰਬੰਧ ਜਲਦੀ ਤੋਂ ਜਲਦੀ ਕੀਤਾ ਜਾਵੇ ਅਤੇ ਖਾਣੇ ਦੀ ਕੁਆਲਿਟੀ ਨੂੰ ਹੋਰ ਬਿਹਤਰ ਬਣਾਇਆ ਜਾਵੇ। ਕਮੇਟੀ ਨੇ ਇਹ ਵੀ ਹਦਾਇਤ ਕੀਤੀ ਕਿ ਮਾਣਯੋਗ ਵਿਧਾਇਕਾਂ ਦੇ ਸਟਾਫ/ ਗੰਨਮੈਨਾਂ ਲਈ ਵੱਖਰੇ ਤੌਰ ਤੇ ਖਾਣੇ ਦੀ ਸੁਵਿਧਾ ਦਾ ਪ੍ਰਬੰਧ ਕਰਦਿਆਂ ਖਾਣੇ ਦੇ ਰੇਟ ਨਾ ਵਧਾਏ ਜਾਣ ਅਤੇ ਮੌਜੂਦਾ ਸਮੇਂ ਵਿੱਚ ਨਿਰਧਾਰਤ ਰੇਟਾਂ ਤੇ ਹੀ ਉਨ੍ਹਾਂ ਨੂੰ ਖਾਣਾ ਮੁਹੱਈਆ ਕਰਵਾਇਆ ਜਾਵੇ।<br>2. ਕਮੇਟੀ ਨੇ ਪੰਜਾਬ ਲੋਕ ਨਿਰਮਾਣ ਵਿਭਾਗ ਭ ਤੇ ਮ (ਬਿਜਲੀ ਮੰਡਲ) ਵੱਲੋਂ ਪੰਜਾਬ ਐਮ.ਐਲ.ਏਜ਼. ਹੋਸਟਲ, ਸੈਕਟਰ-04, ਚੰਡੀਗੜ੍ਹ ਵਿਖੇ ਐਮ.ਐਲ.ਏਜ਼. ਹੋਸਟਲ ਦੇ ਸਾਰੇ ਕਮਰਿਆਂ ਵਿੱਚ ਇੰਟਰ-ਲਿੰਕਡ ਇਨਵਰਟਰ ਦਾ ਪ੍ਰਬੰਧ ਕਰਨ ਸਬੰਧੀ ਹਦਾਇਤ ਕੀਤੀ। |
| 04 | 06-08-2025 | 04 | 1. ਕਮੇਟੀ ਨੇ ਐਮ.ਐਲ.ਏਜ਼. ਫਲੈਟ ਸੈਕਟਰ-03, 04 ਅਤੇ 39, ਚੰਡੀਗੜ੍ਹ ਦੇ ਰੱਖ-ਰਖਾਵ ਸਬੰਧੀ ਆਪਸੀ ਵਿਚਾਰ- ਵਟਾਂਦਰਾ ਕੀਤਾ।<br>2. ਕਮੇਟੀ ਨੇ ਲੋਕ ਨਿਰਮਾਣ ਵਿਭਾਗ ਨੂੰ ਹਦਾਇਤ ਕੀਤੀ ਕਿ ਵਿਧਾਨਕਾਰ ਹੋਸਟਲ ਵਿਖੇ ਕਿਚਨ ਪੈਂਟਰੀ ਅਤੇ ਤੰਦੂਰ ਏਰੀਏ ਵਿੱਚ ਲੱਗੇ ਏਅਰ ਡੱਕਟ ਦੀ ਪਰਾਪਰ ਸਫਾਈ ਕੀਤੀ ਜਾਵੇ।<br>3. ਕਮੇਟੀ ਨੇ ਐਮ.ਐਲ.ਏਜ਼. ਹੋਸਟਲ ਵਿੱਚ ਲੱਗੇ ਦਵਾਈਆਂ ਵਾਲੇ ਬੂਟਿਆਂ ਸਬੰਧੀ ਪੁੱਛੇ ਜਾਣ ਤੇ ਐਸ.ਡੀ.ਓ. ਲੋਕ ਨਿਰਮਾਣ ਵਿਭਾਗ (ਭ ਤੇ ਮ), ਹਾਰਟੀਕਲਚਰ ਨੇ ਦੱਸਿਆ ਕਿ ਉੱਥੇ ਐਲੋਵੇਰਾ, ਨਿੰਮ, ਗਿਲੋਅ, ਕੜ੍ਹੀ ਪੱਤਾ, ਹਾਰ-ਸ਼ਿੰਗਾਰ ਦੇ ਬੂਟੇ ਲੱਗੇ ਹੋਏ ਹਨ। ਜਿਸ ਤੇ ਕਮੇਟੀ ਨੇ ਸੰਤੁਸ਼ਟੀ ਪ੍ਰਗਟ ਕੀਤੀ। |
| 05. | 20-08-2025 | 05 | ਪ੍ਰਾਹੁਣਾਚਾਰੀ ਵਿਭਾਗ, ਪੰਜਾਬ ਵੱਲੋਂ ਵਿਧਾਨਕਾਰ ਹੋਸਟਲ ਕੰਟੀਨ ਵਿੱਚ ਖਾਣ-ਪੀਣ ਦੀਆਂ ਵਸਤਾਂ ਦੇ ਰੇਟ ਵਿੱਚ ਵਾਧਾ ਕਰਨ ਲਈ ਭੇਜੇ ਗਏ ਪ੍ਰਪੋਜ਼ਡ ਰੇਟਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 06. | 17-09-2025 | 04 | 1. ਕਮੇਟੀ ਨੇ ਪੰਜਾਬ ਐਮ.ਐਲ.ਏਜ਼. ਹੋਸਟਲ, ਸੈਕਟਰ-04, ਚੰਡੀਗੜ੍ਹ ਦੇ ਅੰਦਰ ਅਤੇ ਆਲੇ-ਦੁਆਲੇ ਦੀ ਸੁਰੱਖਿਆ ਸਬੰਧੀ ਕਮਾਂਡੈਂਟ, 82 ਬਟਾਲੀਅਨ, ਪੰਜਾਬ ਨਾਲ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਵਿਧਾਨਕਾਰ ਹੋਸਟਲ ਕੰਟੀਨ, ਸੈਕਟਰ-04, ਚੰਡੀਗੜ੍ਹ ਵਿਖੇ ਮਾਣਯੋਗ ਵਿਧਾਇਕਾਂ ਦੇ ਸਟਾਫ/ਗੰਨਮੈਨਾਂ ਲਈ ਬਣੇ ਕਮਰੇ ਵਿੱਚ ਜਾਣ ਵਾਲੇ ਰਸਤੇ ਉੱਤੇ ਸ਼ੈੱਡ ਬਣਵਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| | | | 3. ਕਮੇਟੀ ਨੇ ਪੰਜਾਬ ਐਮ.ਐਲ.ਏਜ਼. ਹੋਸਟਲ, ਸੈਕਟਰ-04, ਚੰਡੀਗੜ੍ਹ ਵਿੱਚ ਲੱਗੇ ਜਿੰਮ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਵਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 07. | 28-01-2026 | 05 | 1. ਕਮੇਟੀ ਨੇ ਪ੍ਰਹੁਣਚਾਰੀ ਵਿਭਾਗ, ਪੰਜਾਬ ਵੱਲੋਂ ਵਿਧਾਨਕਾਰ ਹੋਸਟਲ ਕੰਟੀਨ ਵਿੱਚ ਖਾਣ-ਪੀਣ ਦੀਆਂ ਵਸਤਾਂ ਦੇ ਰੇਟ ਵਿੱਚ ਵਾਧਾ ਕਰਨ ਲਈ ਭੇਜੇ ਗਏ ਪ੍ਰੋਪੋਜ਼ਡ ਰੇਟਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਦੇ ਧਿਆਨ ਵਿੱਚ ਆਇਆ ਕਿ ਪੰਜਾਬ ਵਿਧਾਨਕਾਰ ਹੋਸਟਲ ਕੰਟੀਨ ਦੇ ਜਨਰਲ ਡਾਈਨਿੰਗ ਹਾਲ ਦੇ ਪਰਦਿਆਂ ਦੀ ਹਾਲਤ ਬਹੁਤ ਖਰਾਬ ਹੈ। ਇਸ ਲਈ ਕਮੇਟੀ ਨੇ ਹਦਾਇਤ ਕੀਤੀ ਕਿ ਜਨਰਲ ਡਾਈਨਿੰਗ ਹਾਲ ਵਿੱਚ ਜਲਦ ਤੋਂ ਜਲਦ ਪਰਦੇ ਰਿਪੇਅਰ ਕੀਤੇ ਜਾਣ। |

ਕਮੇਟੀ ਨੇ ਚੰਡੀਗੜ੍ਹ ਤੋਂ ਇਲਾਵਾ ਮਿਤੀ 20.06.2025 ਅਤੇ 21.06.2025 ਨੂੰ ਪੰਜਾਬ ਭਵਨ, ਨਵੀਂ ਦਿੱਲੀ ਵਿਖੇ ਮੀਟਿੰਗਾਂ ਕੀਤੀਆਂ, ਪ੍ਰੰਤੂ ਉਨ੍ਹਾਂ ਮੀਟਿੰਗਾਂ ਦਾ ਕੋਰਮ ਪੂਰਾ ਨਹੀਂ ਹੋ ਸਕਿਆ।

# **ਪਟੀਸ਼ਨ ਕਮੇਟੀ ਦੀ ਬਣਤਰ**

**(ਸਾਲ 2025-2026)**

1. ਪੰਜਾਬ ਵਿਧਾਨ ਸਭਾ ਦੀ 13 ਮੈਂਬਰਾਂ ਵਾਲੀ ਪਟੀਸ਼ਨ ਕਮੇਟੀ ਜੋਕਿ ਮਾਣਯੋਗ ਸਪੀਕਰ ਸਾਹਿਬ ਦੁਆਰਾ ਅਧਿਸੂਚਨਾ ਨੰ : 1-ਸੀ.ਓ.ਪੀ./2025-26/25, ਮਿਤੀ 19 ਮਈ, 2025 ਨੂੰ ਨਾਮਜ਼ਦ ਕੀਤੀ ਗਈ।

2. ਪੰਜਾਬ ਵਿਧਾਨ ਸਭਾ ਦੀ **ਕਾਰਜਵਿਧੀ ਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 207** ਨਾਲ ਪੜ੍ਹੇ ਜਾਂਦੇ **ਨਿਯਮ 184(1)** ਅਧੀਨ ਮਾਣਯੋਗ ਸਪੀਕਰ ਸਾਹਿਬ ਦੁਆਰਾ ਸ੍ਰੀ ਬ੍ਰਮ ਸ਼ੰਕਰ ਜਿੰਪਾ, ਮਾਣਯੋਗ ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ ।

3. ਕਮੇਟੀ ਨੇ ਕੁੱਲ 21 ਮੀਟਿੰਗਾਂ ਕੀਤੀਆਂ। ਮੈਬਰਾਂ ਦੇ ਨਾਮ ਅਤੇ ਹਰ-ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਇਆ, ਉਨ੍ਹਾਂ ਦੀ ਗਿਣਤੀ ਹੇਠ ਲਿਖੀ ਸਾਰਣੀ ਵਿੱਚ ਦਰਸਾਈ ਗਈ ਹੈ :-

| **ਲੜੀ ਨੰ:** | **ਮੈਂਬਰ ਦਾ ਨਾਂ** | **ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ** |
|---|---|---|
| 1 | ਸ੍ਰੀ ਬ੍ਰਮ ਸ਼ੰਕਰ ਜਿੰਪਾ | 33 |
| 2 | ਡਾ.ਅਜੈ ਗੁਪਤਾ | 10 |
| 3 | ਸ੍ਰੀ ਅਮੋਲਕ ਸਿੰਘ | 11 |
| 4 | ਸ੍ਰੀਮਤੀ ਅਨਮੋਲ ਗਗਨ ਮਾਨ | -- |
| 5 | ਸ੍ਰੀ ਅਸ਼ਵਨੀ ਕੁਮਾਰ ਸ਼ਰਮਾ | 12 |
| 6 | ਸ੍ਰੀ ਬਲਕਾਰ ਸਿੰਘ ਸਿੱਧੂ | 12 |
| 7 | ਸਰਦਾਰ ਹਰਮੀਤ ਸਿੰਘ ਪਠਾਨਮਾਜਰਾ | 02 |
| 8 | ਸਰਦਾਰ ਜਗਸੀਰ ਸਿੰਘ | 26 |
| 9 | ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ | 08 |
| 10 | *ਡਾ. ਕਸ਼ਮੀਰ ਸਿੰਘ ਸੋਹਲ | -- |
| 11 | ਸ੍ਰੀ ਨਰੇਸ਼ ਪੁਰੀ | 08 |
| 12 | ਸਰਦਾਰ ਪਰਗਟ ਸਿੰਘ ਪੋਆਰ | 04 |
| 13 | ਸ੍ਰੀ ਰਮਨ ਅਰੋੜਾ | 03 |
| | *ਸਰਦਾਰ ਹਰਮੀਤ ਸਿੰਘ ਸੰਧੂ | 03 |

ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 180(3) ਅਧੀਨ ਡਾ. ਕਸ਼ਮੀਰ ਸਿੰਘ ਸੋਹਲ, ਮਾਣਯੋਗ ਐਮ.ਐਲ.ਏ. ਦੇ ਮਿਤੀ 27 ਜੂਨ, 2025 ਨੂੰ ਅਚਾਨਕ ਅਕਾਲ ਚਲਾਣਾ ਕਰ ਜਾਣ ਕਾਰਨ ਪਟੀਸ਼ਨ ਕਮੇਟੀ ਵਿੱਚ ਇੱਕ ਮੈਂਬਰ ਦੀ ਖਾਲ੍ਹੀ ਹੋਈ ਥਾਂ ਤੇ ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ ਦੁਆਰਾ *ਸਰਦਾਰ ਹਰਮੀਤ ਸਿੰਘ ਸੰਧੂ, ਮਾਣਯੋਗ ਐਮ.ਐਲ.ਏ. ਨੂੰ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 180 (3) ਅਧੀਨ ਅਧਿਸੂਚਨਾ ਨੰਬਰ : 1-ਸੀ.ਓ.ਪੀ./2025-2026/62, ਮਿਤੀ 27.11.2025 ਰਾਹੀਂ ਉਕਤ ਕਮੇਟੀ ਵਿੱਚ ਕੰਮ-ਕਾਰ ਕਰਨ ਲਈ ਸਾਲ 2025-26 ਦੇ ਬਾਕੀ ਰਹਿੰਦੇ ਸਮੇਂ ਲਈ ਮੈਂਬਰ ਨਾਮਜ਼ਦ ਕੀਤਾ ਗਿਆ।

4. ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦੀਆਂ ਮਿਤੀਆਂ, ਮੈਂਬਰ ਸਾਹਿਬਾਨ ਦੀ ਗਿਣਤੀ ਅਤੇ ਹਰ ਮੀਟਿੰਗ ਵਿੱਚ ਕੀਤੀ ਗਏ ਕੰਮ -ਕਾਰ ਦਾ ਵੇਰਵਾ ਹੇਠ ਦਰਸਾਈ ਗਈ ਸਾਰਣੀ ਅਨੁਸਾਰ ਹੈ :-

| **ਲੜੀ ਨੰ:** | **ਮੀਟਿੰਗ ਦੀ ਮਿਤੀ** | **ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ** | **ਕੀਤਾ ਗਿਆ ਕੰਮ-ਕਾਰ** |
|---|---|---|---|
| **1.** | **2.** | **3.** | **4.** |
| 1. | 27.05.2025 | 05 | ਸਭਾਪਤੀ ਜੀ ਨੇ ਮੀਟਿੰਗ ਵਿੱਚ ਹਾਜ਼ਰ ਹੋਏ ਸਮੂਹ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਆਖਿਆ ਅਤੇ ਕਮੇਟੀ ਦੀ ਪਲੇਠੀ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਸਾਰਿਆਂ ਦਾ ਧੰਨਵਾਦ ਕੀਤਾ।<br>ਇਸ ਉਪਰੰਤ, ਕਮੇਟੀ ਅਫਸਰ (ਐਡੀਟਰ ਆਫ ਡਿਬੇਟਸ) ਵੱਲੋਂ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਕਮੇਟੀ ਦੇ ਕਾਰਜ ਖੇਤਰ ਅਤੇ ਕੰਮ-ਕਾਰ ਸਬੰਧੀ ਵਿਸਥਾਰਪੂਰਵਕ ਜਾਣੂ ਕਰਵਾਇਆ ਗਿਆ, ਤੋਂ ਇਲਾਵਾ ਪਿਛਲੇ ਸਮੇਂ ਦੇ ਦੌਰਾਨ ਹੋਈਆਂ ਮੀਟਿੰਗਾਂ ਦੀਆਂ ਕਾਰਵਾਈਆਂ ਦੀਆਂ ਟੂਕਾਂ ਦਾ ਜਵਾਬ ਜਿਹੜੇ ਵਿਭਾਗਾਂ ਵੱਲੋਂ ਨਹੀਂ ਦਿੱਤਾ ਗਿਆ, ਉਨ੍ਹਾਂ ਨੂੰ ਕਮੇਟੀ ਵੱਲੋਂ ਯਾਦ-ਪੱਤਰ ਭੇਜਣ ਦੀ ਹਦਾਇਤ ਕੀਤੀ ਗਈ। |
| 2. | 03.06.2025 | 05 | ਕਮੇਟੀ ਵੱਲੋਂ ਮੀਟਿੰਗ ਵਿੱਚ ਇੱਕ ਨਵੀਂ ਪਟੀਸ਼ਨ ਨੰਬਰ 76-C.O.P./2024-25, **ਵਿਸ਼ਾ :- "ਪਿੰਡ ਮਾਛੀਕੇ, ਜ਼ਿਲ੍ਹਾ ਮੋਗਾ ਵਿਖੇ ਸਰਕਾਰੀ ਡਿਸਪੈਂਸਰੀ ਜਗ੍ਹਾ ਤੋਂ ਕਬਜ਼ਾ ਛਡਾਉਣ ਸਬੰਧੀ", ਜੋਕਿ ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ**, ਪਟੀਸ਼ਨ ਨੰ. 16-C.O.P./2020-21, **ਵਿਸ਼ਾ :- "ਦੋਰਾਹਾ ਵਿਖੇ ਨਹਿਰ ਤੇ ਨਵੇਂ ਬਣ ਰਹੇ ਪੁੱਲ ਸਬੰਧੀ**," **ਜੋਕਿ ਸ. ਗੁਰਪ੍ਰੀਤ ਸਿੰਘ ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 27-C.O.P./2023-24, **ਵਿਸ਼ਾ :- ਕਿੰਗਵਾਹ ਰਜਵਾਹਾ ਸਿਸਟਮ (ਜ਼ਿਲ੍ਹਾ ਮੋਗਾ) ਦੇ ਸਾਰੇ ਖਾਲਿਆਂ ਨੂੰ ਪੱਕਾ ਕਰਨ ਸਬੰਧੀ", ਜੋਕਿ ਸ. ਦਵਿੰਦਰਜੀਤ ਸਿੰਘ ਲਾਡੀ ਢੋਸ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਸਬੰਧਤ ਵਿਭਾਗਾਂ (ਪੰਜਾਬ) ਵੱਲੋਂ ਪ੍ਰਾਪਤ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਵਿਭਾਗਾਂ ਨੂੰ ਬਣਦੀ ਕਾਰਵਾਈ ਕਰਕੇ ਸਮਾਂ-ਬੱਧ ਕਰਦਿਆਂ ਕਮੇਟੀ ਨੂੰ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ਗਈ। |
| 3. | 10.06.2025 | 04 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 79-C.O.P./ 2024-25, **ਵਿਸ਼ਾ :- "ਪਿੰਡ ਵਿਰਕ ਖੁਰਦ (ਕਰਕਾਂਦੀ) ਤੋਂ ਢਾਣੀ** |

| | | | |
|---|---|---|---|
| | | | **ਪ੍ਰਤਾਪ ਸਿੰਘ ਵਾਲੀ (ਕੋਹਰ ਸਿੰਘ ਵਾਲਾ) ਨੂੰ ਜਾਂਦੇ ਕੱਚੇ ਰਸਤਾ ਪਰ ਸੜਕ ਬਣਾਉਣ ਸਬੰਧੀ," ਜੋਕਿ ਸਰਦਾਰ ਫੌਜਾ ਸਿੰਘ ਸਰਾਰੀ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ, ਪਟੀਸ਼ਨ ਤੇ ਵਿਚਾਰ-ਵਟਾਦਰਾ ਕੀਤਾ।** ਪਟੀਸ਼ਨ ਨੰ.52-C.O.P./ 2024-25, **ਵਿਸ਼ਾ :- "ਪਿੰਡ ਲਾਲਪੁਰ ਅਤੇ ਪਿੰਡ ਭੁੱਲਰ ਕ੍ਰਮਵਾਰ ਤਹਿਸੀਲ ਖਡੂਰ ਸਾਹਿਬ ਤੇ ਤਰਨਤਾਰਨ ਦੀਆਂ ਮੁਸਾਵੀਆਂ (ਸ਼ਿਜਰਾ ਚਿਸਤਵਾਰ) ਅਤੇ ਅਕਸ਼ ਗੁੰਮ ਹੋਣ ਸਬੰਧੀ," ਜੋਕਿ ਸ. ਲਾਭ ਸਿੰਘ ਉਗੋਕੇ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ** ਅਤੇ ਪਟੀਸ਼ਨ ਨੰ. 51-C.O.P./2024-25, **ਵਿਸ਼ਾ :- "ਪਾਣੀ ਦੀ ਨਿਕਾਸ ਲਈ ਪਾਈਪ ਲਾਈਨ ਪਾਉਣ ਸਬੰਧੀ," ਜੋਕਿ ਡਾ. ਬਲਜੀਤ ਕੌਰ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਵੱਲੋਂ ਤਸਦੀਕ ਕੀਤੀ ਗਈ** ਹੈ, ਤੇ ਸਬੰਧਤ ਵਿਭਾਗਾਂ (ਪੰਜਾਬ) ਵੱਲੋਂ ਪ੍ਰਾਪਤ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਉੱਕਤ ਤਿੰਨੋਂ ਪਟੀਸ਼ਨਾਂ ਬਾਬਤ ਸਬੰਧਤ ਵਿਭਾਗਾਂ ਨੂੰ ਸਮਾਂ-ਬੱਧ ਰਿਪੋਰਟ ਪੇਸ਼ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ। |
| 4. | 24.06.2025 | 04 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 33-C.O.P./ 2023-24, **ਵਿਸ਼ਾ :-"ਪੋਸਟ ਗਰੈਜੂਏਟ ਇੰਸਟੀਚਿਊਟ ਆਫ ਹੋਰਟੀਕਲਚਰ ਰੀਸਰਚ ਐਂਡ ਐਜੂਕੇਸ਼ਨ, ਅੰਮ੍ਰਿਤਸਰ ਦੇ ਪ੍ਰਬੰਧਕੀ, ਅਕਾਦਮਿਕ ਬਲਾਕਾਂ ਲਈ ਲੋੜੀਂਦੀ ਜ਼ਮੀਨ ਅਕਵਾਇਰ ਕਰਨ ਸਬੰਧੀ," ਜੋਕਿ ਸ. ਜਸਵਿੰਦਰ ਸਿੰਘ ਰਮਦਾਸ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ, ਪਟੀਸ਼ਨ ਨੰ.** 78- C.O.P./2024-25, **ਵਿਸ਼ਾ :- "ਪਿੰਡ ਪੱਕਾ-1, ਜ਼ਿਲ੍ਹਾ ਫਰੀਦਕੋਟ ਵਿੱਚ ਪਸ਼ੂ ਹਸਪਤਾਲ ਖੁਲਵਾਉਣ ਸਬੰਧੀ,"** ਜੋਕਿ **ਸ. ਗੁਰਦਿੱਤ ਸਿੰਘ ਸੇਖੋਂ, ਮਾਣਯੋਗ ਐਮ.ਐਲ.ਏ**. ਵੱਲੋਂ ਤਸਦੀਕ ਕੀਤੀ ਗਈ ਹੈ ਅਤੇ ਪਟੀਸ਼ਨ ਨੰ.32-C.O.P./2023-24, **ਵਿਸ਼ਾ :- "ਪ੍ਰਧਾਨ, ਨਗਰ ਕੌਂਸਲ, ਸਮਰਾਲਾ ਵੱਲੋਂ ਪੰਜਾਬ ਮਿਊਂਸਪਲ ਐਕਟ, 1911 ਦੀ ਧਾਰਾ 25 ਅਧੀਨ ਮਿਲੀਆਂ ਜਿੰਮੇਵਾਰੀਆਂ ਨਾ ਨਿਭਾਉਣ ਸਬੰਧੀ,"** ਜੋਕਿ **ਸ. ਜਗਤਾਰ ਸਿੰਘ ਦਿਆਲਪੁਰਾ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਕਮੇਟੀ ਵੱਲੋਂ ਵਿਚਾਰ-ਵਟਾਦਰਾ ਕੀਤਾ ਗਿਆ। |
| 5. | 01.07.2025 | 05 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 33-C.O.P./2023-24, **ਵਿਸ਼ਾ :- "ਪੋਸਟ ਗਰੈਜੂਏਟ ਇੰਸਟੀਚਿਊਟ ਆਫ ਹੋਰਟੀਕਲਚਰ ਰੀਸਰਚ ਐਂਡ ਐਜੂਕੇਸ਼ਨ, ਅੰਮ੍ਰਿਤਸਰ ਦੇ ਪ੍ਰਬੰਧਕੀ, ਅਕਾਦਮਿਕ** |

| | | | |
|---|---|---|---|
| | | | **ਬਲਾਕਾਂ ਲਈ ਲੋੜੀਂਦੀ ਜ਼ਮੀਨ ਅਕਵਾਇਰ ਕਰਨ ਸਬੰਧੀ, "ਜੋਕਿ ਸ. ਜਸਵਿੰਦਰ ਸਿੰਘ ਰਮਦਾਸ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ** ਅਤੇ ਪਟੀਸ਼ਨ ਨੰ. 19-C.O.P./2021-22, **ਵਿਸ਼ਾ :-** "**ਪਿੰਡ ਜੀਵਨਪੁਰ ਗੁੱਜਰਾਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦ-ਬਸਤ ਬਦਲਣ ਅਤੇ ਵੋਟਾਂ ਸ਼ਿਫਟ ਕਰਾਉਣ ਸਬੰਧੀ," ਜੋਕਿ ਸ. ਜੈ ਕ੍ਰਿਸ਼ਨ ਸਿੰਘ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਵਿਭਾਗਾਂ ਨੂੰ ਕਮੇਟੀ ਨੇ ਲੋੜੀਂਦੀ ਕਾਰਵਾਈ ਦੇ ਨਿਰਦੇਸ਼ ਦਿੱਤੇ, ਤੋਂ ਇਲਾਵਾ ਪਟੀਸ਼ਨ ਨੰ. 69-C.O.P./2024-25, **ਵਿਸ਼ਾ** :- "**ਪਿੰਡ ਰੁਪਾਣਾ, ਜ਼ਿਲ੍ਹਾ ਮੁਕਤਸਰ ਸਾਹਿਬ ਦਾ ਮੋਘਾ ਨੰਬਰ 256100 ਆਰ ਤੋਂ ਪਾਇਪ ਲਾਈਨ ਪਾਉਣ ਸਬੰਧੀ ਅਤੇ ਸਾਖਾਵਾਂ ਦੀ ਮੁਰੰਮਤ ਸਬੰਧੀ,"ਜੋਕਿ ਡਾ. ਬਲਜੀਤ ਕੌਰ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਵੀ ਵਿਚਾਰ-ਵਿਮਰਸ਼ ਕੀਤਾ ਗਿਆ। |
| 6. | 08.07.2025 | 05 | ਕਮੇਟੀ ਵੱਲੋਂ ਮੀਟਿੰਗ ਵਿੱਚ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲ ਲੰਬਿਤ ਪਈਆਂ ਪਟੀਸ਼ਨਾਂ ਅਰਥਾਤ ਪਟੀਸ਼ਨ ਨੰ. 15-C.O.P./ 2020-21, **ਵਿਸ਼ਾ :- "ਦੋਰਾਹਾ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਸਮੱਸਿਆ ਸਬੰਧੀ, "ਜੋਕਿ ਸ. ਗੁਰਪ੍ਰੀਤ ਸਿੰਘ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 21-C.O.P./2020-21, **ਵਿਸ਼ਾ :- "ਬੇਬੇ ਨਾਨਕੀ ਅਰਬਨ ਅਸਟੇਟ, ਸੁਲਤਾਨਪੁਰ ਲੋਧੀ ਵਿੱਚ ਸੀਵਰੇਜ਼ ਅਤੇ ਬਰਸਾਤੀ ਪਾਣੀ ਦੀ ਸਮੱਸਿਆ ਸਬੰਧੀ," ਜੋਕਿ ਸ. ਨਵਤੇਜ਼ ਸਿੰਘ ਚੀਮਾ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 23-C.O.P./2022-23, **ਵਿਸ਼ਾ :- "ਸੈਕਟਰ 80, ਮੋਹਾਲੀ ਵਿਚ ਹੋ ਰਹੀਆਂ ਚੋਰੀਆਂ, ਨਸ਼ਾ, ਕੂੜੇ ਦੇ ਢੇਰ, ਟਰੈਫਿਕ ਅਤੇ ਪਸ਼ੂਆਂ ਦੀ ਸਮੱਸਿਆ ਨੂੰ ਦੇਖਦੇ ਹੋਏ ਸੈਕਟਰ-80 ਅਤੇ ਮੌਲੀ ਬੈਦਵਾਨ ਦੀ ਫਿਰਨੀ ਦੁਆਲੇ ਚਾਰਦੀਵਾਰੀ ਬਣਾਉਣ ਸੰਬਧੀ ਪਟੀਸ਼ਨ, "ਜੋਕਿ ਸ. ਕੁਲਵੰਤ ਸਿੰਘ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 33-C.O.P./2022-23, **ਵਿਸ਼ਾ :- "ਸੁਲਤਾਨਵਿੰਡ ਰੋਡ ਅੰਮ੍ਰਿਤਸਰ ਵਿਖੇ ਇੱਟਾਂ, ਸੀਮਿੰਟ, ਬੱਜਰੀ ਆਦਿ ਇਮਾਰਤੀ ਸਮੱਗਰੀ** |

| | | | |
|---|---|---|---|
| | | | **ਵੇਚਣ ਵਾਲਿਆਂ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਵਿਰੁੱਧ ਸਬੰਧੀ, "ਜੋਕਿ ਸ. ਸਰਵਨ ਸਿੰਘ ਧੁੰਨ, ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 37-C.O.P./2022-23, **ਵਿਸ਼ਾ :- "ਸ਼ਿਵਾਲਿਕ ਵਿਹਾਰ, ਬਲਾਕ-5, (ਹਿੱਲ ਵਿਊ ਹੋਟਲ ਦੇ ਪਿੱਛੇ) ਪਿੰਡ ਨਵਾ ਗਾਂਓ (ਕਰੋਰਾਂ) ਜ਼ਿਲ੍ਹਾ ਮੁਹਾਲੀ, ਵਿੱਚ ਪੇਬਰ ਬਲਾਕ ਸੜਕ ਬਣਾਉਣ ਸਬੰਧੀ ਪਟੀਸ਼ਨ ਸਬੰਧੀ," ਜੋਕਿ ਸ. ਲਾਭ ਸਿੰਘ ਉਗੋਕੇ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 35-C.O.P./2023-24, **ਵਿਸ਼ਾ :- "ਮੁਹੱਲਾ ਨਵੀਂ ਅਬਾਦੀ, ਨਵਾਂ ਸ਼ਹਿਰ ਵਿੱਚ ਲੱਗੇ ਕੂੜੇ ਦੇ ਡੰਪ ਨੂੰ ਸ਼ਹਿਰੀ ਆਬਾਦੀ ਤੋਂ ਬਾਹਰ ਤਬਦੀਲ ਕਰਨ ਸਬੰਧੀ," ਜੋਕਿ ਡਾ. ਨਛੱਤਰ ਪਾਲ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 36-C.O.P./2023-24, **ਵਿਸ਼ਾ :- "ਮਿਊਂਸਪਲ ਕਮੇਟੀ, ਰਾਜਪੁਰਾ ਅਤੇ ਗਮਾਡਾ ਦੇ ਅਧਿਕਾਰ ਖੇਤਰ ਦੇ ਝਗੜੇ ਕਾਰਨ ਫੋਕਲ ਪੁਆਇੰਟ ਰਾਜਪੁਰਾ ਦੀ ਖਸਤਾ ਹਾਲਤ ਸਬੰਧੀ ਪਟੀਸ਼ਨ ਸਬੰਧੀ," ਜੋਕਿ ਸ਼੍ਰੀਮਤੀ ਨੀਨਾ ਮਿੱਤਲ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 49-C.O.P./2023-24, **ਵਿਸ਼ਾ :- "ਸ਼ਿਵਾਲਿਕ ਇਨਕਲੇਵ ਵੈਲਫੇਅਰ ਸੋਸਾਇਟੀ ਸਬੰਧੀ, "ਜੋਕਿ ਸ਼੍ਰੀ ਬੁੱਧ ਰਾਮ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 55-C.O.P./2024-25, **ਵਿਸ਼ਾ:- "ਪੇਬਰ ਬਲਾਕ (ਸੜਕ ਬਣਾਉਣ) ਲਗਵਾਉਣ ਸਬੰਧੀ," ਜੋਕਿ ਸ. ਦਲਜੀਤ ਸਿੰਘ ਭੋਲਾ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਪਟੀਸ਼ਨ ਨੰ. 66-C.O.P./2024-25, **ਵਿਸ਼ਾ :- "ਮੁਹੱਲਾ ਗੌਸ, ਨਕੋਦਰ, ਜਿਲ੍ਹਾ ਜਲੰਧਰ ਵਿਖੇ ਬੰਦ ਪਏ ਛੱਪੜ ਵਿੱਚ ਕੂੜਾ ਕਰਕਟ ਸੁੱਟਣ ਅਤੇ ਪ੍ਰਦੂਸ਼ਣ ਫੈਲਾਉਣ ਸਬੰਧੀ," ਜੋਕਿ ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ** ਅਤੇ ਪਟੀਸ਼ਨ ਨੰ. 67-C.O.P./2024-25 **ਵਿਸ਼ਾ :- "ਰਿਹਾਇਸ਼ੀ ਇਲਾਕੇ ਵਿੱਚ ਗੈਰ-ਕਾਨੂੰਨੀ ਢੰਗ ਨਾਲ ਗੁਰਦੁਆਰਾ ਸਾਹਿਬ ਨੇੜੇ ਬਣਾਏ ਪੋਲਟਰੀ ਫਾਰਮ ਅਤੇ ਬੁੱਚੜਖਾਨਾ ਹਟਾਉਣ ਸਬੰਧੀ ਦਰਖਾਸਤ ਬਰਖਿਲਾਫ** |

| | | | |
|---|---|---|---|
| | | | **ਕਸ਼ਮੀਰਾ ਮੀਟ ਸ਼ਾਪ ਮਾਲਕ ਕਸ਼ਮੀਰਾ ਕਾਲਾ ਅਤੇ ਜਗੀਰ ਉਰਫ ਗਲੈਰੀ," ਜੋਕਿ ਸ੍ਰੀਮਤੀ ਇੰਦਰਜੀਤ ਕੌਰ ਮਾਨ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਸਬੰਧਤ ਅਧਿਕਾਰੀਆਂ ਦੀ ਕਮੇਟੀ ਦੁਆਰਾ ਮੌਖਿਕ ਪ੍ਰੀਖਿਆ ਕੀਤੀ ਗਈ, ਤੋਂ ਇਲਾਵਾ ਇੱਕ ਹੋਰ ਨਵੀਂ ਪਟੀਸ਼ਨ ਨੰ. 24-C.O.P./2025-26 **ਵਿਸ਼ਾ :- "ਜੈਤੋਂ ਬਲਾਕ ਦੇ ਪਿੰਡ ਰਾਮੇਆਣਾ ਸਰਪੰਚ ਵੱਲੋਂ ਆਪਣੇ ਚਹੇਤੇ ਨੂੰ ਬਹੁਤ ਕੀਮਤੀ ਪੰਚਾਇਤੀ ਜ਼ਮੀਨ ਤੇ ਨਜ਼ਾਇਜ ਕਬਜਾ ਕਰਵਾਉਣ ਤੇ ਸਰਪੰਚ ਜਸਇਕਬਾਲ ਸਿੰਘ ਖਿਲਾਫ ਕਾਨੂੰਨੀ ਕਾਰਵਾਈ ਕਰਨ ਸਬੰਧੀ," ਜੋਕਿ ਡਾ. ਨੱਛਤਰ ਪਾਲ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਵੀ ਮੀਟਿੰਗ ਵਿੱਚ ਵਿਚਾਰੀ ਗਈ। |
| 7. | 16.07.2025 | 04 | ਕਮੇਟੀ ਵੱਲੋਂ ਮੀਟਿੰਗ ਦੇ ਦੌਰਾਨ ਪਟੀਸ਼ਨ ਨੰ. 64-C.O.P./2024-25, **ਵਿਸ਼ਾ :- "ਪਿੰਡ ਬੀੜ ਬੱਧਨੀ, ਜ਼ਿਲ੍ਹਾ ਮੋਗਾ ਦਾ ਨਾਮ ਬੱਸ ਟਿਕਟਾਂ ਵਿੱਚ ਦਰਜ ਕਰਵਾਉਣ ਬਾਰੇ, "ਜੋਕਿ ਡਾ. ਨਛੱਤਰ ਪਾਲ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਪਟੀਸ਼ਨ ਨੰ. 22-C.O.P./2021-22, **ਵਿਸ਼ਾ :- "ਵਲਟੋਹਾ ਰੈਸਟ ਹਾਊਸ ਦੀ ਮੁਰੰਮਤ ਕਰਨ ਸਬੰਧੀ," ਜੋਕਿ ਸ. ਸੁਖਪਾਲ ਸਿੰਘ ਭੁੱਲਰ, ਮਾਣਯੋਗ ਐਮ.ਐਲ.ਏ.ਵੱਲੋਂ ਤਸਦੀਕ ਕੀਤੀ ਗਈ ਹੈ** ਅਤੇ ਪਟੀਸ਼ਨ ਨੰ. 75-C.O.P./2024-25, **ਵਿਸ਼ਾ :- "ਫੰਡ ਜਾਰੀ ਕਰਵਾਉਣ ਸਬੰਧੀ, "ਜੋਕਿ ਸ. ਜਸਵੀਰ ਸਿੰਘ ਸੰਧੂ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਸਬੰਧਤ ਵਿਭਾਗਾਂ (ਪੰਜਾਬ) ਵੱਲੋਂ ਪ੍ਰਾਪਤ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਕਮੇਟੀ ਨੇ ਸਬੰਧਤ ਵਿਭਾਗਾਂ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਲਈ ਹਦਾਇਤਾਂ ਦਿੱਤੀਆਂ । |
| 8. | 22.07.2025 | 04 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 56-C.O.P./2024-25, **ਵਿਸ਼ਾ** :- "**ਕੂੜੇ ਦਾ ਢੇਰ ਚੁੱਕਵਾਉਣ ਅਤੇ ਕੂੜੇ ਦਾ ਕੰਟੇਨਰ ਰੱਖਣ ਸਬੰਧੀ**, "**ਜੋਕਿ ਸ. ਦਲਜੀਤ ਸਿੰਘ ਭੋਲਾ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ** ਅਤੇ ਪਟੀਸ਼ਨ ਨੰ. 58-C.O.P./2024-25, **ਵਿਸ਼ਾ** :- "**ਪਿੰਡ ਜਗਾ ਰਾਮ ਤੀਰਥ, ਜ਼ਿਲ੍ਹਾ ਤਲਵੰਡੀ ਸਾਬੋ ਵਿਖੇ ਸਥਿਤ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਕਾਰਨ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ**, "**ਜੋਕਿ ਪ੍ਰੋ. ਬਲਜਿੰਦਰ ਕੌਰ, ਮਾਣਯੋਗ ਐਮ.ਐਲ.ਏ.** |

| | | | |
|---|---|---|---|
| | | | **ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਸਬੰਧਤ ਵਿਭਾਗਾਂ (ਪੰਜਾਬ)** ਵੱਲੋਂ ਪ੍ਰਾਪਤ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਕ੍ਰਮਵਾਰ ਪਹਿਲੀ ਪਟੀਸ਼ਨ ਦੇ ਜਵਾਬ ਤੇ ਕਮੇਟੀ ਨੇ ਸਬੰਧਤ ਵਿਭਾਗ ਨੂੰ ਲੋੜੀਂਦੇ ਨਿਰਦੇਸ਼ ਦਿੱਤੇ ਅਤੇ ਦੂਸਰੀ ਪਟੀਸ਼ਨ ਤੇ ਪ੍ਰਾਪਤ ਉੱਤਰ ਨੂੰ ਵਾਚਣ ਹਿੱਤ ਸਬੰਧਤ ਮਾਣਯੋਗ ਐਮ.ਐਲ.ਏ. ਨੂੰ ਭੇਜਣ ਲਈ ਆਦੇਸ਼ ਦਿੱਤਾ ਅਤੇ ਕਿਰਤ ਵਿਭਾਗ, ਪੰਜਾਬ ਤੋਂ ਅੱਗੇ ਹੋਰ ਲੋੜੀਂਦੀ ਸੂਚਨਾ ਮੰਗੀ। |
| 9. | 29.07.2025 | 05 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 24-C.O.P./ 2022-23, **ਵਿਸ਼ਾ :-"ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਫੰਡ ਵਿੱਚੋਂ ਬਿੱਲਾਂ ਤੇ ਗਲਤ ਦਸਤਵੇਜਾਂ ਦੇ ਅਧਾਰ ਤੇ ਪੈਸੇ ਦੇ ਗਬਨ ਅਤੇ ਕੈਮਿਸਟ ਦੁਕਾਨਾਂ, ਮੈਡੀਕਲ ਕੈਂਪਸ ਦੀ ਗੈਰ-ਕਾਨੂੰਨੀ ਅਲਾਟਮੈਂਟ ਕਰਨ ਸਬੰਧੀ", ਜੋਕਿ ਸ. ਜੈ ਕ੍ਰਿਸ਼ਨ ਸਿੰਘ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ** ਅਤੇ ਪਟੀਸ਼ਨ ਨੰ. 25-C.O.P./2023-24, **ਵਿਸ਼ਾ :- "ਅੰਮ੍ਰਿਤਸਰ ਦੇ ਫੋਕਲ ਪੁਆਇੰਟ ਦੇ ਨਾਲ ਲਗਦੇ ਮੁਹੱਲੇ " ਸਬੰਧੀ, ਜੋਕਿ ਸ. ਜਸਵੀਰ ਸਿੰਘ ਰਾਜਾ ਗਿੱਲ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ**, ਤੇ ਸਬੰਧਤ ਵਿਭਾਗ ਤੋਂ ਪ੍ਰਾਪਤ ਉੱਤਰਾਂ ਤੇ ਵਿਚਾਰ-ਵਿਮਰਸ਼ ਕੀਤਾ ਗਿਆ। ਪਹਿਲੇ ਵਾਲੀ ਪਟੀਸ਼ਨ ਤੇ ਕਮੇਟੀ ਨੇ ਵਿਭਾਗ ਦੇ ਉੱਤਰ ਤੇ ਅਸੰਤੁਸ਼ਟਤਾ ਜ਼ਾਹਿਰ ਕਰਦਿ**ਆਂ** ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀ ਮੌਖਿਕ ਪ੍ਰੀਖਿਆ ਕਰਨ ਦਾ ਫੈਸਲਾ ਕੀਤਾ ਅਤੇ ਦੂਸਰੀ ਪਟੀਸ਼ਨ ਤੇ ਵਿਭਾਗ ਦੇ ਪ੍ਰਾਪਤ ਉੱਤਰ ਨੂੰ ਮੁੜ ਸਬੰਧਤ ਮਾਣਯੋਗ ਐਮ.ਐਲ.ਏ. ਅਤੇ ਬਿਨੈਕਾਰ ਨੂੰ ਵਾਚਣ ਲਈ ਭੇਜਣ ਦਾ ਆਦੇਸ਼ ਦਿੱਤਾ ਗਿਆ। |
| 10. | 05.08.2025 | 06 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 27-C.O.P./2023-24, **ਵਿਸ਼ਾ** :- "**ਕਿੰਗਵਾਹ ਰਜਬਾਹਾ ਸਿਸਟਮ (ਜ਼ਿਲ੍ਹਾ ਮੋਗਾ) ਦੇ ਸਾਰੇ ਖਾਲਿਆਂ ਨੂੰ ਪੱਕਾ ਕਰਨ ਸਬੰਧੀ," ਜੋਕਿ ਸ. ਦਵਿੰਦਰਜੀਤ ਸਿੰਘ ਲਾਡੀ ਢੋਸ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਜਲ ਸਰੋਤ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਉੱਤਰ ਅਤੇ ਪਟੀਸ਼ਨ ਨੰ. 70-C.O.P./2024-25, **ਵਿਸ਼ਾ :-** "**ਵਾਟਰ ਵਰਕਸ ਦੀ ਸਪਲਾਈ ਚਾਲੂ ਕਰਨ, ਪਾਣੀ ਦੀ ਲੀਕੇਜ ਦੀ ਮੁਰੰਮਤ ਅਤੇ ਪੁੱਟੀਆ ਗਈਆਂ ਗਲੀਆਂ ਅਤੇ ਫਿਰਨੀ ਦੀ ਮੁਰਮੰਤ ਕਰਨ ਸਬੰਧੀ," ਜੋਕਿ ਡਾ. ਬਲਜੀਤ ਕੌਰ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਪੰਜਾਬ ਵੱਲੋਂ ਪ੍ਰਾਪਤ |

| | | | |
|---|---|---|---|
| | | | ਉੱਤਰ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਦੋਵੇਂ ਮਾਮਲਿਆਂ ਤੇ ਕਮੇਟੀ ਨੇ ਲੋੜੀਂਦੀ ਕਾਰਵਾਈ ਕਰਨ ਲਈ ਆਦੇਸ਼ ਦਿੱਤੇ, ਤੋਂ ਇਲਾਵਾ ਸਭਾਪਤੀ ਜੀ ਦੀ ਪ੍ਰਵਾਨਗੀ ਨਾਲ ਪਟੀਸ਼ਨ ਨੰ. 33- C.O.P./2022-23, **ਵਿਸ਼ਾ**:- "**ਸੁਲਤਾਨਵਿੰਡ ਰੋਡ ਅੰਮ੍ਰਿਤਸਰ ਵਿਖੇ ਇੱਟਾਂ, ਸੀਮਿੰਟ, ਬੱਜਰੀ ਆਦਿ ਇਮਾਰਤੀ ਸਮੱਗਰੀ ਵੇਚਣ ਵਾਲਿਆਂ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਵਿਰੁੱਧ ਪਟੀਸ਼ਨ ਸਬੰਧੀ," ਜੋਕਿ ਸ. ਸਰਵਨ ਸਿੰਘ ਧੁੰਨ, ਐਮ.ਐਲ.ਏ**. ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਮੁੱਖ ਪਟੀਸ਼ਨਕਰਤਾ ਦਾ ਕੰਮ ਮੁਕੰਮਲ ਹੋਣ ਬਾਰੇ ਸੂਚਨਾ ਪੱਤਰ ਕਮੇਟੀ ਅੱਗੇ ਪੇਸ਼ ਕੀਤਾ। ਇਸ ਉਪਰੰਤ ਕਮੇਟੀ ਨੇ ਇਸ ਪਟੀਸ਼ਨ ਨੂੰ ਡਰਾਪ ਕਰਨ ਦਾ ਫੈਸਲਾ ਕੀਤਾ। |
| 11. | 12.08.2025 | 05 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 22-C.O.P./ 2025-26, **ਵਿਸ਼ਾ :- "ਨਗਰ ਕਾਊਂਸਲ, ਭਵਾਨੀਗੜ੍ਹ ਦੇ ਨਵੇਂ ਬਣੇ ਵਾਰਡ ਬਲਦ ਕੋਠੀ ਵਿੱਚ ਸੀਵਰੇਜ਼ ਦੀ ਸਮੱਸਿਆ ਦਾ ਹੱਲ ਕੱਢਣ ਸਬੰਧੀ, "ਜੋਕਿ ਸ੍ਰੀਮਤੀ ਨਰਿੰਦਰ ਕੌਰ ਭਰਾਜ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਵਿਭਾਗ (ਪੰਜਾਬ) ਨੂੰ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ। ਇਸ ਤੋਂ ਇਲਾਵਾ ਪਟੀਸ਼ਨ ਨੰ. 30-C.O.P./2022-23, **ਵਿਸ਼ਾ :- "My Son's future was spoiled due to the carelessness of the school," ਜੋਕਿ ਸ. ਜਸਵੀਰ ਸਿੰਘ ਰਾਜਾ ਗਿੱਲ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ ਅਤੇ ਪਟੀਸ਼ਨ ਨੰ. 37-C.O.P./2023-24, **ਵਿਸ਼ਾ**:- "**ਪਟੀਸ਼ਨ ਬਾਬਤ ਪਾਈਪ ਲਾਈਨ (ਡਿਸਪੋਜ਼ਲ) ਬਾਹੱਦ ਰਕਬਾ ਪਿੰਡ ਖੁੰਡੇ ਹਲਾਲ ਅਤੇ ਪਿੰਡ ਲਖਮੀਰੇਆਣਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਸਬੰਧੀ," ਜੋਕਿ ਸ. ਜਗਦੀਪ ਸਿੰਘ ਕਾਕਾ ਬਰਾੜ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਸਬੰਧਤ ਵਿਭਾਗਾਂ ਵੱਲੋਂ ਪ੍ਰਾਪਤ ਉੱਤਰਾਂ ਤੇ ਵਿਚਾਰ-ਵਿਮਰਸ਼ ਕੀਤਾ ਗਿਆ ਅਤੇ ਦੋਵੇਂ ਵਿਭਾਗਾਂ ਨੂੰ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ । |
| 12. | 19.08.2025 | 07 | ਕਮੇਟੀ ਵੱਲੋਂ ਮੀਟਿੰਗ ਦੇ ਦੌਰਾਨ ਪਟੀਸ਼ਨ ਨੰ. 24-C.O.P./ 2022-23, **ਵਿਸ਼ਾ :- "ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਫੰਡ ਵਿੱਚੋਂ ਬਿੱਲਾਂ ਤੇ ਗਲਤ ਦਸਤਵੇਜਾਂ ਦੇ ਅਧਾਰ ਤੇ ਪੈਸੇ ਦੇ ਗਬਨ ਅਤੇ ਕੈਮਿਸਟ ਦੁਕਾਨਾਂ, ਮੈਡੀਕਲ ਕੈਂਪਸ ਦੀ ਗੈਰ-ਕਾਨੂੰਨੀ ਅਲਾਟਮੈਂਟ ਕਰਨ ਸਬੰਧੀ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ, ਫਰੀਦਕੋਟ ਸਬੰਧੀ, "ਜੋਕਿ ਸ. ਜੈ ਕ੍ਰਿਸ਼ਨ ਸਿੰਘ, ਮਾਣਯੋਗ** |

| | | | |
|---|---|---|---|
| | | | **ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ**, ਤੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ ਅਤੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ ਦੇ ਸਬੰਧਤ ਅਧਿਕਾਰੀਆਂ ਦੀ ਕਮੇਟੀ ਦੁਆਰਾ ਮੌਖਿਕ ਪ੍ਰੀਖਿਆ ਕੀਤੀ ਗਈ ਅਤੇ ਉਨ੍ਹਾਂ ਦੇ ਜਵਾਬਾਂ ਦੇ ਅਸੰਤੁਸ਼ਟਤਾ ਜ਼ਾਹਿਰ ਕਰਦਿਆਂ ਦੋਵੇਂ ਵਿਭਾਗਾਂ ਦੇ ਅਧਿਕਾਰੀਆਂ ਨੂੰ 15 ਦਿਨਾਂ ਬਾਅਦ ਫਿਰ ਹਾਜ਼ਰ ਹੋਣ ਦਾ ਆਦੇਸ਼ ਦਿੱਤਾ। ਇਸ ਤੋਂ ਇਲਾਵਾ ਕਮੇਟੀ ਦੇ ਹੁਕਮਾਂ ਦੇ ਅਨੁਸਾਰ ਉੱਕਤ ਮੀਟਿੰਗ ਵਿੱਚ ਨਿੱਜੀ ਤੌਰ ਤੇ ਹਾਜ਼ਰ ਹੋਏ ਮੁੱਖ ਪਟੀਸ਼ਨਕਰਤਾ ਡਾਕਟਰ ਮਨਜੀਤ ਜੌੜਾ ਦੇ ਬਿਆਨ ਕਲਮ-ਬੱਧ ਕੀਤੇ ਗਏ ਅਤੇ ਉਹਨਾਂ ਦਾ ਪੱਖ ਜਾਣਿਆ ਗਿਆ। |
| 13. | 26.08.2025 | 04 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 15-C.O.P./ 2020-21, **ਵਿਸ਼ਾ :- "ਦੋਰਾਹਾ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਸਮੱਸਿਆ ਸਬੰਧੀ," ਜੋਕਿ ਸ. ਗੁਰਪ੍ਰੀਤ ਸਿੰਘ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਦੋਰਾਹਾ (ਪੰਜਾਬ) ਵੱਲੋਂ ਭੇਜੇ ਉੱਤਰ ਤੇ ਕਮੇਟੀ ਨੇ ਇਤਰਾਜ਼ ਜ਼ਾਹਰ ਕੀਤਾ ਅਤੇ ਭਵਿੱਖ ਵਿੱਚ ਸਬੰਧਤ ਵਿਭਾਗ ਦੇ ਪ੍ਰਸ਼ਾਸਕੀ ਸਕੱਤਰ ਰਾਹੀਂ ਰਿਪੋਰਟ ਭੇਜਣ ਲਈ ਹਦਾਇਤ ਕੀਤੀ ਅਤੇ ਪਟੀਸ਼ਨ ਨੰ. 22-C.O.P./2021-22, **ਵਿਸ਼ਾ :- "ਵਲਟੋਹਾ ਰੈਸਟ ਹਾਊਸ (ਜ਼ਿਲ੍ਹਾ ਤਰਨਤਾਰਨ) ਦੀ ਮੁਰੰਮਤ ਕਰਨ ਸਬੰਧੀ," ਜੋਕਿ ਸ. ਸੁਖਪਾਲ ਸਿੰਘ ਭੁੱਲਰ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਸਬੰਧਤ ਵਿਭਾਗ ਤੋਂ ਪ੍ਰਾਪਤ ਉੱਤਰ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਕਮੇਟੀ ਨੇ ਵਿਭਾਗ ਨੂੰ ਲੋੜੀਂ**ਦੀ** ਕਾਰਵਾਈ ਕਰਕੇ ਇਸਦਾ ਜਵਾਬ 07 ਦਿਨਾਂ ਦੇ ਅੰਦਰ-ਅੰਦਰ ਕਮੇਟੀ ਸਾਹਮਣੇ ਪੇਸ਼ ਕਰਨ ਦੀ ਹਦਾਇਤ ਕੀਤੀ। |
| 14. | 16.09.2025 | 05 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 28-C.O.P./ 2025-26, **ਵਿਸ਼ਾ :- "ਪਿੰਡ ਟੋਰੇਵਾਲ (ਜ਼ਿਲਾ ਸ਼ਹੀਦ ਭਗਤ ਸਿੰਘ ਨਗਰ) ਹੱਦਬਸਤ ਨੰ. 369 ਦੀ ਪੱਤੀ ਹੌੜੀ ਦਾ ਨਵਾਂ ਹੱਦ-ਬਸਤ ਨੰਬਰ ਬਣਾਉਣ ਸਬੰਧੀ," ਜੋਕਿ ਸ. ਕਰਮਬੀਰ ਸਿੰਘ ਘੁੰਮਣ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਡਿਪਟੀ ਕਮਿਸ਼ਨਰ ਨੂੰ ਅਗਲੀ ਮੀਟਿੰਗ ਵਿੱਚ ਨਿੱਜੀ ਤੌਰ ਤੇ ਹਾਜ਼ਰ ਹੋਣ ਦੇ ਆਦੇਸ਼ ਜਾਰੀ ਕੀਤੇ ਗਏ ਅਤੇ ਪਟੀਸ਼ਨ ਨੰ. 32-C.O.P./2023-24, **ਵਿਸ਼ਾ :- "ਪ੍ਰਧਾਨ, ਨਗਰ ਕੌਂਸਲ, ਸਮਰਾਲਾ ਵੱਲੋਂ ਪੰਜਾਬ ਮਿਊਂਸਪਲ ਐਕਟ, 1911 ਦੀ** |

| | | | |
|---|---|---|---|
| | | | **ਧਾਰਾ 25 ਅਧੀਨ ਮਿਲੀਆ ਜਿੰਮੇਵਾਰੀਆਂ ਨਾ ਨਿਭਾਉਣ ਸਬੰਧੀ," ਜੋਕਿ ਸ. ਜਗਤਾਰ ਸਿੰਘ ਦਿਆਲਪੁਰਾ, ਮਾਣਯੋਗ ਐਮ.ਐਲ.ਏ**. ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਸਬੰਧਤ ਵਿਭਾਗ ਵੱਲੋਂ ਪ੍ਰਾਪਤ ਉੱਤਰ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵਿਭਾਗ ਨੂੰ ਲੋੜੀਂਦੀ ਕਾਰਵਾਈ ਕਰਨ ਦੇ ਨਿਰਦੇਸ਼ ਕੀਤੇ ਗਏ। |
| 15. | 23.09.2025 | 05 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 28-C.O.P./ 2025-26, **ਵਿਸ਼ਾ :- "ਪਿੰਡ ਟੋਰੇਵਾਲ (ਜ਼ਿਲਾ ਸ਼ਹੀਦ ਭਗਤ ਸਿੰਘ ਨਗਰ) ਹੱਦਬਸਤ ਨੰ. 369 ਦੀ ਪੱਤੀ ਹੋੜੀ ਦਾ ਨਵਾਂ ਹੱਦ-ਬਸਤ ਨੰਬਰ ਬਣਾਉਣ ਸਬੰਧੀ," ਜੋਕਿ ਸ. ਕਰਮਬੀਰ ਸਿੰਘ ਘੁੰਮਣ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਡਿਪਟੀ ਕਮਿਸ਼ਨਰ ਅਤੇ ਏ.ਡੀ.ਸੀ. (ਵਿਕਾਸ), ਸ਼ਹੀਦ ਭਗਤ ਸਿੰਘ ਨਗਰ, ਪੰਜਾਬ, ਨਿੱਜੀ ਤੌਰ ਤੇ ਹਾਜ਼ਰ ਹੋਏ, ਨਾਲ ਵਿਚਾਰ-ਵਿਮਰਸ਼ ਕੀਤਾ ਗਿਆ, ਤੋਂ ਇਲਾਵਾ ਪਟੀਸ਼ਨ ਨੰ. 26-C.O.P./2025-26, **ਵਿਸ਼ਾ :- "ਸੀਵਰੇਜ਼ ਦੇ ਪਾਣੀ ਅਤੇ ਗਲੀਆਂ ਨਾਲੀਆਂ ਦਾ ਸ਼ਹਿਰ ਵਿੱਚ ਕੋਈ ਸਹੀ ਤਰੀਕੇ ਨਾਲ ਸਮਾਧਾਨ ਨਾ ਹੋਣ ਸਬੰਧੀ," ਜੋਕਿ ਸ. ਕੁਲਦੀਪ ਸਿੰਘ ਢਿੱਲੋਂ, ਮਾਣਯੋਗ ਐਮ.ਐਲ.ਏ**. ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਵਿਭਾਗ ਨੂੰ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਕੀਤੇ ਗਏ। |
| 16. | 14.10.2025 | 05 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 21-C.O.P./ 2025-26, **ਵਿਸ਼ਾ :-** "**ਸਿਲਵਰ ਸਿਟੀ ਥੀਮਜ਼, ਮੁਬਾਰਕਪੁਰ, ਡੇਰਾਬੱਸੀ ਵਿਖੇ ਬਿਲਡਰ ਤੇ MOU ਤੋਂ ਧੱਕੇਸ਼ਾਹੀ ਨਾਲ ਮੁਕਰਨ ਅਤੇ ਕੀਤੇ ਗਏ ਇਕਰਾਰਾਂ ਦੀ ਅਣਦੇਖੀ ਸਬੰਧੀ," ਜੋਕਿ ਸ. ਜਗਸੀਰ ਸਿੰਘ, ਮਾਣਯੋਗ ਐਮ.ਐਲ.ਏ**. ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਵਿਭਾਗ (ਪੰਜਾਬ) ਨੂੰ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ। ਇਸ ਤੋਂ ਇਲਾਵਾ ਪਟੀਸ਼ਨ ਨੰ. 75- C.O.P./2024-25, **ਵਿਸ਼ਾ :-** "**ਫੰਡ ਜਾਰੀ ਕਰਵਾਉਣ ਸਬੰਧੀ ਪਟੀਸ਼ਨ,**" **ਜੋਕਿ ਸ. ਜਸਵੀਰ ਸਿੰਘ ਸੰਧੂ, ਮਾਣਯੋਗ ਐਮ.ਐਲ.ਏ**. ਤੇ ਸਬੰਧਤ ਪਟੀਸ਼ਨਕਰਤਾ ਵੱਲੋਂ ਪ੍ਰਾਪਤ ਜਵਾਬ ਤੇ ਵਿਚਾਰ-ਵਿਮਰਸ਼ ਕੀਤਾ ਗਿਆ ਅਤੇ ਸਬੰਧਤ ਵਿਭਾਗ ਨੂੰ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਪੇਸ਼ ਕਰਨ ਲਈ ਲੋੜੀਂਦੇ ਆਦੇਸ਼ ਦਿੱਤੇ ਗਏ। |

| | | | |
|---|---|---|---|
| 17. | 12.11.2025 | 04 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 30-C.O.P./ 2025-26, "**ਪਿੰਡ ਮੈਣ ਮਾਜਰਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਵਿਖੇ ਬਿਜਲੀ ਦਾ ਖੰਭਾ/ ਬੌਕਸ ਤਬਦੀਲ ਕਰਵਾਉਣ ਸਬੰਧੀ," ਜੋਕਿ ਕਿਸੇ ਵੀ ਮਾਣਯੋਗ ਮੈਂਬਰ ਦੁਆਰਾ ਤਸਦੀਕ ਨਹੀਂ ਕੀਤੀ ਗਈ। ਵਰਣਨਯੋਗ ਹੈ ਕਿ ਇਹ ਜਨਹਿੱਤ ਦਾ ਮਾਮਲਾ ਹੋਣ ਕਰਕੇ ਸਕੱਤਰ ਸਾਹਿਬ ਰਾਹੀਂ ਮਾਣਯੋਗ ਸਪੀਕਰ ਸਾਹਿਬ ਨੂੰ ਭੇਜੀ ਗਈ ਸੀ ਅਤੇ ਮਾਣਯੋਗ ਸਪੀਕਰ ਸਾਹਿਬ ਨੇ ਮਿਤੀ 23.10.25 ਨੂੰ ਕਮੇਟੀ ਅੱਗੇ ਪੇਸ਼ ਕਰਨ ਲਈ ਪ੍ਰਵਾਨਗੀ ਦਿੱਤੀ ਸੀ**, ਪਟੀਸ਼ਨ ਨੰ. 31-C.O.P./ 2025-26, **ਵਿਸ਼ਾ :- "ਭਰਾਜ ਪਿੰਡ ਵਿੱਚ ਲੱਗੇ ਲੁੱਕ ਪਲਾਂਟ ਰਾਹੀਂ ਹੋ ਰਹੇ ਪ੍ਰਦੂਸ਼ਨ ਸਬੰਧੀ, "ਜੋਕਿ ਸ੍ਰੀਮਤੀ ਨਰਿੰਦਰ ਕੌਰ ਭਰਾਜ ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਪਟੀਸ਼ਨ ਨੰ. 32-C.O.P./2025-26, **ਵਿਸ਼ਾ :- "ਪਿੰਡ ਬਟੜਿਆਣਾ, ਜ਼ਿਲ੍ਹਾ ਸੰਗਰੂਰ ਵਿੱਚ ਰਿਹਾਇਸ਼ੀ ਏਰੀਏ ਵਿੱਚ ਬਿਨਾ ਕਿਸੇ ਮਨਜ਼ੂਰੀ ਤੋਂ ਨਜਾਇਜ਼ ਛੱਪੜ ਪੁੱਟ ਕੇ ਮਿੱਟੀ ਵੇਚਣ ਸਬੰਧੀ", ਜੋਕਿ ਸ੍ਰੀਮਤੀ ਨਰਿੰਦਰ ਕੌਰ ਭਰਾਜ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਵਿਭਾਗਾਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਬਣਦੀ ਕਾਰਵਾਈ ਕਰਕੇ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ। ਇਸ ਤੋਂ ਇਲਾਵਾ ਪਟੀਸ਼ਨ ਨੰ. 69-C.O.P./2024-25, **ਵਿਸ਼ਾ :- " ਪਿੰਡਾ ਰੁਪਾਣਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਮੋਘਾ ਨੰ: 25610R ਤੋਂ ਪਾਈਪ ਲਾਈਨ ਪਾਉਣ ਸਬੰਧੀ," ਜੋਕਿ ਡਾ. ਬਲਜੀਤ ਕੌਰ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਵੱਲੋਂ ਤਸਦੀਕ ਕੀਤੀ ਗਈ ਹੈ** ਅਤੇ ਸ਼ਾਖਾਵਾਂ ਦੀ ਮੁਰੰਮਤ ਸਬੰਧਤ ਵਿਭਾਗ ਵੱਲੋਂ ਪ੍ਰਾਪਤ ਜਵਾਬ ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਵਿਭਾਗ ਨੂੰ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ। ਪਟੀਸ਼ਨ ਨੰ. 22-C.O.P./2022-23 **ਵਿਸ਼ਾ:- "Tablet Buprenorphine ਦੀਆਂ ਗੋਲੀਆਂ ਦੀ ਖਰੀਦ ਵਿੱਚ ਹੋਏ ਘਪਲੇਬਾਜ਼ੀ ਸਬੰਧੀ ਪਟੀਸ਼ਨ" ਜੋਕਿ ਸ. ਕੁਲਵੰਤ ਸਿੰਘ ਪੰਡੋਰੀ, ਮਾਣਯੋਗ ਐਮ.ਐਲ.ਏ. ਸ. ਕੁਲਵੰਤ ਸਿੰਘ, ਮਾਣਯੋਗ ਐਮ.ਐਲ.ਏ. (ਮੁਹਾਲੀ) ਅਤੇ ਸ. ਚੇਤਨ ਸਿੰਘ ਜੋੜਾਮਾਜਰਾ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਸਬੰਧਤ ਵਿਭਾਗ ਵੱਲੋਂ ਭੇਜੇ ਉੱਤਰ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਨੇ |

| | | | |
|---|---|---|---|
| | | | ਹੁਕਮ ਕੀਤੇ ਕਿ ਵਿਭਾਗ ਦੇ ਉੱਕਤ ਉੱਤਰ ਦੀ ਕਾਪੀ ਸਬੰਧਤ ਪਟੀਸ਼ਨਕਰਤਾਵਾਂ ਨੂੰ ਵਾਚਣ ਹਿੱਤ ਭੇਜੀ ਜਾਵੇ। |
| 18. | 22.11.2025 | 05 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 24-C.O.P./ 2022-23, **ਵਿਸ਼ਾ :-"ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਫੰਡ ਵਿੱਚੋਂ ਬਿੱਲਾਂ ਤੇ ਗਲਤ ਦਸਤਵੇਜਾਂ ਦੇ ਅਧਾਰ ਤੇ ਪੈਸੇ ਦੇ ਗਬਨ ਅਤੇ ਕੈਮਿਸਟ ਦੁਕਾਨਾਂ, ਮੈਡੀਕਲ ਕੈਂਪਸ ਦੀ ਗੈਰ-ਕਾਨੂੰਨੀ ਅਲਾਟਮੈਂਟ ਕਰਨ ਸਬੰਧੀ," ਜੋਕਿ ਸ. ਜੈ ਕ੍ਰਿਸ਼ਨ ਸਿੰਘ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਸਬੰਧਤ ਵਿਭਾਗ ਦੇ ਉੱਤਰ ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵਿਭਾਗ ਨੂੰ ਲੋੜੀਂਦੀ ਕਾਰਵਾਈ ਕਰਕੇ ਇਸ ਦਾ ਜਵਾਬ 07 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰਨ ਦੀ ਹਦਾਇਤ ਕੀਤੀ। ਇਸ ਤੋਂ ਇਲਾਵਾ ਪਟੀਸ਼ਨ ਨੰ.24-C.O.P./2025-26 **ਵਿਸ਼ਾ** :- "**ਜੈਤੋਂ ਬਲਾਕ ਦੇ ਪਿੰਡ ਰਾਮੇਆਣਾ, ਜ਼ਿਲ੍ਹਾ ਫਰੀਦਕੋਟ ਦੇ ਸਰਪੰਚ ਵੱਲੋਂ ਆਪਣੇ ਚਹੇਤੇ ਨੂੰ ਬਹੁਤ ਕੀਮਤੀ ਪੰਚਾਇਤੀ ਜ਼ਮੀਨ ਤੇ ਨਜ਼ਾਇਜ਼ ਕਬਜਾ ਕਰਵਾਉਣ ਤੇ ਸਰਪੰਚ ਜਸਇਕਬਾਲ ਸਿੰਘ ਖਿਲਾਫ ਕਾਨੂੰਨੀ ਕਾਰਵਾਈ ਕਰਨ ਸਬੰਧੀ**," **ਜੋਕਿ ਡਾ. ਨੱਛਤਰ ਪਾਲ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਵਿਚਾਰ ਕਰਨ ਉਪਰੰਤ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਮੋਹਾਲੀ ਦੀ ਮੌਖਿਕ ਪ੍ਰੀਖਿਆ ਕਰਨ ਦੀ ਹਦਾਇਤ ਕੀਤੀ ਅਤੇ ਪਟੀਸ਼ਨ ਨੰ. 55-C.O.P./ 2024-25, **ਵਿਸ਼ਾ :-** "**ਪਿੰਡ ਕਾਂਸਲ, ਜ਼ਿਲ੍ਹਾ ਮੋਹਾਲੀ ਦੇ ਪੇਵਰ ਬਲਾਕ (ਸੜਕ ਬਣਾਉਣ) ਲਗਵਾਉਣ ਸਬੰਧੀ," ਜੋਕਿ ਸ. ਦਲਜੀਤ ਸਿੰਘ ਭੋਲਾ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਕਮੇਟੀ ਨੇ ਆਦੇਸ਼ ਦਿੱਤੇ ਕਿ ਉੱਕਤ ਪਟੀਸ਼ਨ ਤਸਦੀਕ ਕਰਨ ਵਾਲੇ ਮਾਣਯੋਗ ਐਮ.ਐਲ.ਏ ਅਤੇ ਉੱਕਤ ਪਟੀਸ਼ਨ ਪੇਸ਼ ਕਰਨ ਵਾਲੇ ਪਟੀਸ਼ਨਕਰਤਾ ਨੂੰ ਯਾਦ-ਪੱਤਰ ਭੇਜ ਕੇ ਪੁੱਛਿਆ ਜਾਵੇ ਕਿ ਉਹ ਵਿਭਾਗ ਦੀ ਕੀਤੀ ਗਈ ਕਾਰਵਾਈ ਤੋਂ ਸਤੰਸ਼ਟ ਹਨ ਜਾਂ ਨਹੀ। ਜੇਕਰ ਜਵਾਬ ਪ੍ਰਾਪਤ ਨਹੀਂ ਹੁੰਦਾ ਤਾਂ ਇਸ ਪਟੀਸ਼ਨ ਨੂੰ ਡਰਾਪ ਸਮਝਿਆ ਜਾਵੇ। ਪਟੀਸ਼ਨ ਨੰ. 64-C.O.P./2024-25 **ਵਿਸ਼ਾ :-** "**ਪਿੰਡ ਬੀੜ ਬੱਧਨੀ (ਜ਼ਿਲ੍ਹਾ ਮੋਗਾ) ਦਾ ਨਾਮ ਬੱਸ ਟਿਕਟਾਂ ਵਿੱਚ ਦਰਜ ਕਰਵਾਉਣ ਸਬੰਧੀ,** "**ਜੋਕਿ ਡਾ. ਨਛੱਤਰ ਪਾਲ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਕਮੇਟੀ ਦੁਆਰਾ ਸਬੰਧਤ ਵਿਭਾਗ ਦੇ ਉੱਤਰ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ **ਕਮੇਟੀ ਨੇ ਆਦੇਸ਼ ਦਿੱਤੇ ਕਿ** |

| | | | |
|---|---|---|---|
| | | | ਉੱਕਤ ਪਟੀਸ਼ਨ ਪੇਸ਼ ਕਰਨ ਵਾਲੇ ਮਾਣਯੋਗ ਐਮ.ਐਲ.ਏ. ਨੂੰ ਤੇ ਪਟੀਸ਼ਨਕਰਤਾ ਨੂੰ ਪੁੱਛ ਲਿਆ ਜਾਵੇ ਕਿ ਵਿਭਾਗ ਦੁਆਰਾ ਕੀਤੇ ਗਈ ਕਾਰਵਾਈ ਤੋਂ ਉਹ ਸਤੁੰਸ਼ਟ ਹਨ ਜਾਂ ਨਹੀਂ । |
| 19. | 30.12.2025 | 06 | ਮੀਟਿੰਗ ਵਿੱਚ ਪਟੀਸ਼ਨ ਨੰ. 29-C.O.P./ 2025-26, **ਵਿਸ਼ਾ :- "ਈਕੋ ਸਿਟੀ-2 ਬਲਾਕ ਸੀ, ਨਿਊ ਚੰਡੀਗੜ੍ਹ ਪ੍ਰੋਜੈਕਟ ਵਿੱਚ STP ਅਤੇ VR-7 ਸੜ੍ਹਕ ਦੀ ਉਸਾਰੀ ਨਾ ਹੋਣ ਸਬੰਧੀ," ਜੋਕਿ ਡਾ. ਵਿਜੈ ਸਿੰਗਲਾ, ਮਾਣਯੋਗ ਐਮ.ਐਲ.ਏ**. ਵੱਲੋਂ ਤਸਦੀਕ ਕੀਤੀ ਗਈ ਹੈ, ਪਟੀਸ਼ਨ ਨੰ. 73-C.O.P./2024-25, **ਵਿਸ਼ਾ :-** "**ਸਬ ਤਹਿਸੀਲ ਭਗਤਾ ਭਾਈ ਕਾ, ਜ਼ਿਲ੍ਹਾ ਬਠਿੰਡਾ ਵਿਖੇ ਅਸ਼ਟਾਮ ਫਰੋਸ਼ ਦੇ ਲਾਇਸੰਸ ਜਾਰੀ ਕਰਨ ਸਬੰਧੀ," ਜੋਕਿ ਸ. ਬਲਕਾਰ ਸਿੰਘ ਸਿੱਧੂ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਵਿਭਾਗ ਨੂੰ ਲੋੜੀਂਦੀ ਕਾਰਵਾਈ ਕਰਨ ਉਪਰੰਤ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਭੇਜਣ ਲਈ ਹੁਕਮ ਕੀਤੇ ਗਏ। ਇਸ ਤੋਂ ਇਲਾਵਾ ਪਟੀਸ਼ਨ ਨੰ. 21-C.O.P./2020-21, **ਵਿਸ਼ਾ :- "ਬੇਬੇ ਨਾਨਕੀ ਅਰਬਨ ਅਸਟੇਟ, ਸੁਲਤਾਨਪੁਰ ਲੋਧੀ ਵਿੱਚ ਸੀਵਰੇਜ਼ ਅਤੇ ਬਰਸਾਤੀ ਪਾਣੀ ਦੀ ਸਮੱਸਿਆ ਸਬੰਧੀ," ਜੋਕਿ ਸ. ਨਵਤੇਜ਼ ਸਿੰਘ ਚੀਮਾ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕਰਨ ਉਪਰੰਤ ਵਿਭਾਗ ਤੋਂ ਤਾਜ਼ਾ ਸਥਿਤੀ ਜਾਣਨ ਲਈ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਭੇਜਣ ਲਈ ਕਿਹਾ ਗਿਆ ਅਤੇ ਪਟੀਸ਼ਨ ਨੰ. 22-C.O.P./2022-23, **ਵਿਸ਼ਾ :- "Tablet Buprenorphine ਦੀਆਂ ਗੋਲੀਆਂ ਦੀ ਖਰੀਦ ਵਿੱਚ ਹੋਏ ਘਪਲੇਬਾਜ਼ੀ ਸਬੰਧੀ**, "**ਜੋਕਿ ਸ. ਕੁਲਵੰਤ ਸਿੰਘ ਪੰਡੋਰੀ, ਮਾਣਯੋਗ ਐਮ.ਐਲ.ਏ.**, **ਸ. ਕੁਲਵੰਤ ਸਿੰਘ, ਮਾਣਯੋਗ ਐਮ.ਐਲ.ਏ. (ਮੁਹਾਲੀ) ਅਤੇ ਸ. ਚੇਤਨ ਸਿੰਘ ਜੋੜਾਮਾਜਰਾ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕਰਨ ਉਪਰੰਤ ਦੱਸਿਆ ਕਿ ਉੱਕਤ ਪਟੀਸ਼ਨ ਤਸਦੀਕ ਕਰਨ ਵਾਲੇ ਸਬੰਧਤ ਮਾਣਯੋਗ ਐਮ.ਐਲ.ਏਜ਼. ਤੋਂ ਪੁੱਛ ਲਿਆ ਜਾਵੇ ਕਿ ਉਹ ਵਿਭਾਗ ਦੇ ਉੱਤਰ ਤੋਂ ਸਤੁੰਸ਼ਟ ਹਨ ਜਾਂ ਨਹੀਂ। ਸਭਾਪਤੀ ਜੀ ਦੀ ਆਗਿਆ ਅਨੁਸਾਰ ਹੋਰ ਕੰਮ-ਕਾਰ ਤਹਿਤ ਪਟੀਸ਼ਨ ਨੰ. 74-C.O.P./2024-25, **ਵਿਸ਼ਾ :-** "**ਸੁਜਾਨਪੁਰ ਵਿਖੇ ਪੁਲ ਨੰ. 4 ਤੋਂ ਜੁਗਿਆਲ ਨੂੰ ਜਾਂਦੀ ਸੜਕ ਦੀ ਰਿਪੇਅਰ ਸਬੰਧੀ**," **ਜੋਕਿ ਸ੍ਰੀ ਨਰੇਸ਼ ਪੁਰੀ, ਮਾਣਯੋਗ ਐਮ.ਐਲ.ਏ.** |

| | | | |
|---|---|---|---|
| | | | **ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਵਿਭਾਗ ਵੱਲੋਂ ਭੇਜੇ ਉੱਤਰ ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕਰਨ ਉਪਰੰਤ ਲੋਕ ਨਿਰਮਾਣ (ਭ ਅਤੇ ਮ) ਵਿਭਾਗ, ਪੰਜਾਬ ਅਤੇ ਮੰਡੀ ਬੋਰਡ, ਪੰਜਾਬ ਨੂੰ ਤਾਜ਼ਾ ਸਥਿਤੀ ਦੱਸਣ ਲਈ 15 ਦਿਨਾਂ ਦੇ ਅੰਦਰ-ਅੰਦਰ ਜਵਾਬ ਭੇਜਣ ਲਈ ਕਿਹਾ ਗਿਆ। |
| 20. | 28.01.2026 | 04 | ਕਮੇਟੀ ਵੱਲੋਂ ਮੀਟਿੰਗ ਵਿੱਚ ਪਟੀਸ਼ਨ ਨੰ. 36-C.O.P./ 2025-26, **ਵਿਸ਼ਾ :- "ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ ਦੀ ਜ਼ਮੀਨ ਵਿੱਚੋਂ ਲੰਘ ਰਹੀ ਉੱਚ ਦਬਾਅ ਬਿਜਲੀ ਲਾਈਨ ਨੂੰ ਅਲਾਇਨਮੈਂਟ ਵਿੱਚ ਸ਼ਿਫਟ ਕਰਨ ਅਤੇ ਹੋਰ ਨਵੇਂ ਸਰਕਟ ਨੂੰ** PSPCL **ਦੇ ਖਰਚੇ ਸਬੰਧੀ ਪਟੀਸ਼ਨ," ਜੋਕਿ ਪ੍ਰੋਫੈਸਰ ਬਲਜਿੰਦਰ ਕੌਰ, ਮਾਣਯੋਗ ਐਮ.ਐਲ.ਏ., ਚੀਫ ਵਿਪ ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਵਿਚਾਰ-ਵਟਾਂਦਰਾ** ਅਤੇ ਪਟੀਸ਼ਨ ਨੰ.34- C.O.P./2025-26, **ਵਿਸ਼ਾ:- "ਘਰਾਂ ਉਪਰੋਂ ਹਾਈ ਟੈਨਸ਼ਨ ਤਾਰ 11 ਕੇ.ਵੀ. ਹਟਵਾਉਣ ਸਬੰਧੀ," ਜੋਕਿ ਸ. ਜਸਵੀਰ ਸਿੰਘ ਸਿੱਧੂ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਪਟੀਸ਼ਨ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਵਿਭਾਗਾਂ ਨੂੰ ਲੋੜੀਦੀ ਕਾਰਵਾਈ ਕਰਨ ਉਪਰੰਤ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਭੇਜਣ ਲਈ ਕਿਹਾ ਗਿਆ, ਇਸ ਤੋਂ ਇਲਾਵਾ ਪਟੀਸ਼ਨ ਨੰ. 51-C.O.P./2024-25, **ਵਿਸ਼ਾ :- "ਪਾਣੀ ਦੀ ਨਿਕਾਸੀ ਲਈ ਪਾਈਪ ਲਾਈਨ ਪਾਉਣ ਸਬੰਧੀ," ਜੋਕਿ ਡਾ. ਬਲਜੀਤ ਕੌਰ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਪਟੀਸ਼ਨਕਰਤਾ ਵੱਲੋਂ ਭੇਜੇ ਗਏ ਜਵਾਬ ਤੇ ਵਿਚਾਰ-ਵਟਾਂਦਰਾ ਕੀਤਾ ਤੇ ਕਮੇਟੀ ਨੇ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਲੋੜੀਂਦੇ ਫੰਡਾਂ ਦਾ ਪ੍ਰਬੰਧ ਕਰਨ ਲਈ ਸਬੰਧਤ ਵਿਭਾਗ ਨੂੰ ਹਦਾਇਤ ਕੀਤੀ। ਪਟੀਸ਼ਨ ਨੰ. 34-C.O.P./2022-23, **ਵਿਸ਼ਾ :- "ਸੈਕਟਰ-6, ਬਲਾਕ-ਬੀ, ਈਕੋ ਸਿਟੀ-1, ਨਿਊ ਚੰਡੀਗੜ੍ਹ ਦੇ ਵਾਸੀਆਂ ਦੁਆਰਾ ਸਾਹਮਣਾ ਕੀਤੀਆਂ ਜਾ ਰਹੀਆਂ ਸਮੱਸਿਆਵਾਂ ਸਬੰਧੀ ਪਟੀਸ਼ਨ, "ਜੋਕਿ ਸ਼੍ਰੀ ਬੁੱਧ ਰਾਮ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਵਿਭਾਗ ਵੱਲੋਂ ਪ੍ਰਾਪਤ ਉੱਤਰ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਕਮੇਟੀ ਨੇ ਉੱਕਤ ਕੇਸ ਦੀ ਤਾਜ਼ਾ ਸਥਿਤੀ ਬਾਰੇ ਜਾਣੂ ਕਰਵਾਉਣ ਲਈ ਹਦਾਇਤ ਕੀਤੀ ਅਤੇ ਬਾਕੀ ਰਹਿੰਦੇ ਸਬੰਧਤ ਵਿਭਾਗਾਂ ਨੂੰ ਕਮੇਟੀ ਨੇ ਯਾਦ-ਪੱਤਰ ਭੇਜਣ ਦੀ ਹਦਾਇਤ ਕੀਤੀ। ਪਟੀਸ਼ਨ ਨੰ. 22-C.O.P./2021-22, **ਵਿਸ਼ਾ :- "ਵਲਟੋਹਾ ਰੈਸਟ ਹਾਊਸ (ਜ਼ਿਲ੍ਹਾ ਤਰਨਤਾਰਨ) ਦੀ ਮੁਰੰਮਤ ਕਰਨ** |

| | | | |
|---|---|---|---|
| | | | **ਸਬੰਧੀ," ਜੋਕਿ ਸ. ਸੁਖਪਾਲ ਸਿੰਘ ਭੁੱਲਰ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਜਲ ਸਰੋਤ ਵਿਭਾਗ (ਪੰਜਾਬ) ਵੱਲੋਂ ਪ੍ਰਾਪਤ ਉੱਤਰ ਤੇ ਵਿਚਾਰ-ਵਟਾਂਦਰਾ ਕੀਤਾ ਤੇ ਕਮੇਟੀ ਨੇ ਜਾਣਨਾ ਚਾਹਿਆ ਕਿ ਵਲਟੋਹਾ ਰੈਸਟ ਹਾਊਸ ਨੂੰ ਲੀਜ਼ ਤੇ ਦੇਣ ਦੀਆਂ ਕੀ ਸ਼ਰਤਾਂ ਹਨ, ਕੀ ਟੈਂਡਰ ਖੋਲ੍ਹ ਲਿਆ ਗਿਆ ਹੈ, ਇਸ ਦਾ ਹਾਈਐਸਟ ਬਿਡਰ ਕੌਣ ਸੀ, ਦੀ ਸੂਚਨਾ ਮੰਗੀ ਗਈ, ਪਟੀਸ਼ਨ ਨੰ. 50-C.O.P./2024-25, **ਵਿਸ਼ਾ:- "ਐਸ.ਐਸ.ਪੀ., ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਵੱਲੋਂ ਹੇਠ ਲਿਖੇ ਮਾਮਲਿਆਂ ਸਬੰਧੀ ਕਾਰਵਾਈ ਨਾ ਕਰਨ ਦੇ ਮਾਮਲੇ ਪਟੀਸ਼ਨ ਕਮੇਟੀ ਨੂੰ ਸੌਂਪਣ ਸਬੰਧੀ," ਜੋਕਿ ਡਾ. ਜਸਵੀਰ ਸਿੰਘ ਸੰਧੂ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਕਮੇਟੀ ਨੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਪਟੀਸ਼ਨ ਨੂੰ ਡਰਾਪ ਕਰਨ ਦਾ ਫੈਸਲਾ ਕੀਤਾ। ਇਸ ਦੇ ਨਾਲ ਹੀ ਪਟੀਸ਼ਨ ਨੰ. 25- C.O.P./2022-23, **ਵਿਸ਼ਾ :- "ਸਰਕਾਰੀ ਰੂਰਲ ਡਿਸਪੈਂਸਰੀ, ਪਿੰਡ ਨੰਗਲ ਜਮਾਲ, ਬਲਾਕ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਫਿਰ ਤੋਂ ਬਹਾਲ ਕਰਨ ਸਬੰਧੀ," ਜੋਕਿ ਸ. ਜਸਵੀਰ ਸਿੰਘ ਰਾਜਾ ਗਿੱਲ, ਮਾਣਯੋਗ ਐਮ.ਐਲ.ਏ. ਵੱਲੋਂ ਤਸਦੀਕ ਕੀਤੀ ਗਈ ਹੈ,** ਤੇ ਵੀ ਕਮੇਟੀ **ਵੱਲੋਂ** ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਪਟੀਸ਼ਨ ਨੂੰ ਵੀ ਡਰਾਪ ਕਰਨ ਦਾ ਫੈਸਲਾ ਕੀਤਾ ਗਿਆ। ਪਟੀਸ਼ਨ ਨੰ. 30-C.O.P./2025-26, **ਵਿਸ਼ਾ :- "ਪਿੰਡ ਮੈਣ ਮਾਜਰਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਵਿਖੇ ਬਿਜਲੀ ਦਾ ਖੰਭਾ/ ਬੌਕਸ ਤਬਦੀਲ ਕਰਵਾਉਣ ਸਬੰਧੀ," ਜੋਕਿ ਕਿਸੇ ਵੀ ਮਾਣਯੋਗ ਮੈਂਬਰ ਦੁਆਰਾ ਤਸਦੀਕ ਨਹੀਂ ਕੀਤੀ ਗਈ, ਵਰਣਨਯੋਗ ਹੈ ਕਿ ਇਹ ਜਨਹਿੱਤ ਦਾ ਮਾਮਲਾ ਹੋਣ ਕਰਕੇ ਸਕੱਤਰ ਸਾਹਿਬ ਰਾਹੀਂ ਮਾਣਯੋਗ ਸਪੀਕਰ ਸਾਹਿਬ ਨੂੰ ਭੇਜੀ ਗਈ ਸੀ, ਅਤੇ ਮਾਣਯੋਗ ਸਪੀਕਰ ਸਾਹਿਬ ਨੇ ਮਿਤੀ 23.10.25 ਨੂੰ ਕਮੇਟੀ ਅੱਗੇ ਪੇਸ਼ ਕਰਨ ਲਈ ਪ੍ਰਵਾਨਗੀ ਦਿੱਤੀ ਸੀ,** ਤੇ ਬਿਜਲੀ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਉੱਤਰ ਤੇ ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕਰਨ ਉਪਰੰਤ ਵਿਭਾਗ ਨੂੰ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਅਤੇ ਪਟੀਸ਼ਨ ਨੰ. 24-C.O.P./ 2020-21, **ਵਿਸ਼ਾ:- "ਸਾਡਾ ਪਾਣੀ ਸਾਡਾ ਹੱਕ ਪੰਜਾਬ ਦੇ ਨਹਿਰੀ ਪਾਣੀਆਂ ਦੀ ਕਾਨੂੰਨ ਅਨੁਸਾਰ ਬਣਦੀ ਕੀਮਤ ਵਸੂਲਣ ਸਬੰਧੀ ਜਾਂ ਪੰਜਾਬ ਤੋਂ ਮੁਫ਼ਤ ਜਾ ਰਿਹਾ ਪਾਣੀ ਬੰਦ ਕਰਨ ਸਬੰਧੀ," ਜੋਕਿ ਸ. ਸਿਮਰਜੀਤ ਸਿੰਘ ਬੈਂਸ, ਮਾਣਯੋਗ ਐਮ.ਐਲ.ਏ ਬਲਵਿੰਦਰ ਸਿੰਘ ਬੈਂਸ, ਮਾਣਯੋਗ ਐਮ.ਐਲ.ਏ.** ਵੱਲੋਂ ਤਸਦੀਕ ਕੀਤੀ ਗਈ ਹੈ, ਤੇ ਵੀ |

| | | | |
|---|---|---|---|
| | | | ਕਮੇਟੀ ਦੁਆਰਾ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਪਟੀਸ਼ਨ ਨੂੰ ਡਰਾਪ ਕਰਨ ਦਾ ਫੈਸਲਾ ਕੀਤਾ ਗਿਆ। |
| 21. | 11.03.2026 | 07 | ਕਮੇਟੀ ਵੱਲੋਂ ਮੀਟਿੰਗ ਵਿੱਚ ਕਮੇਟੀ ਸਾਹਮਣੇ ਪਟੀਸ਼ਨ ਕਮੇਟੀ ਦੀ ਸਾਲ 2025-2026 ਲਈ ਸਦਨ ਵਿੱਚ ਪੇਸ਼ ਕਰਨ ਵਾਲੀ **ਦੂਜੀ ਰਿਪੋਰਟ** ਦਾ ਖਰੜਾ ਪੇਸ਼ ਕੀਤਾ ਗਿਆ, ਜਿਸ ਨੂੰ ਉਕਤ ਮੀਟਿੰਗ ਵਿੱਚ ਹਾਜ਼ਰ ਮਾਣਯੋਗ ਸਭਾਪਤੀ ਅਤੇ ਦੂਜੇ ਮਾਣਯੋਗ ਮੈਂਬਰ ਸਾਹਿਬਾਨਾਂ ਨੇ ਪ੍ਰਵਾਨਗੀ ਦਿੱਤੀ। |

ਕਮੇਟੀ ਨੇ ਚੰਡੀਗੜ੍ਹ ਤੋਂ ਇਲਾਵਾ ਦੂਜੀਆਂ ਥਾਵਾਂ ਕੀਤੀਆਂ ਮੀਟਿੰਗਾਂ ਦੇ ਵੇਰਵੇ-:

5. ਕਮੇਟੀ ਨੇ ਚੰਡੀਗੜ੍ਹ ਤੋਂ ਬਾਹਰ ਕੋਈ ਵੀ ਮੀਟਿੰਗ ਨਹੀਂ ਕੀਤੀ ਗਈ ।

6. ਮਿਤੀ 11.09.2025, 30.09.2025, 09.10.2025, 28.10.2025, 20.11.2025, 16.12.2025, 06.01.2026, 15.01.2026, 20.01.2026, 03.02.2026, 10.02.2026, 18.02.2026, 24.02.2026, 03.03.2026 ਨੂੰ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦਾ ਕੋਰਮ ਪੂਰਾ ਨਾ ਹੋਣ ਕਾਰਨ ਮੀਟਿੰਗਾਂ ਨਹੀਂ ਹੋ ਸਕੀਆਂ ।

## ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ

## ਚੋਣ ਅਤੇ ਬਣਤਰ

1. ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 251-ਚ (2) ਅਧੀਨ, ਮਾਣਯੋਗ ਸਪੀਕਰ ਸਾਹਿਬ ਨੇ ਸਾਲ 2025-26 ਲਈ ਅਧਿਸੂਚਨਾ ਨੰ: 1-ਸੀ.ਪੀ.ਆਰ./2025-26/16, ਮਿਤੀ 19 ਮਈ, 2025 ਰਾਹੀਂ 13 ਮੈਂਬਰੀ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਨਾਮਜ਼ਦ ਕੀਤੀ।

2. ਪੰਜਾਬ ਵਿਧਾਨ ਸਭਾ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184 (1) ਅਧੀਨ ਮਾਣਯੋਗ ਸਪੀਕਰ ਸਾਹਿਬ ਜੀ ਨੇ ਪ੍ਰਿੰਸੀਪਲ ਬੁੱਧ ਰਾਮ, ਐਮ.ਐਲ.ਏ. ਨੂੰ ਕਮੇਟੀ ਦੇ ਸਭਾਪਤੀ ਵਜੋਂ ਨਿਯੁਕਤ ਕੀਤਾ।

3. ਕਮੇਟੀ ਨੇ ਸਾਲ 2025-26 ਦੌਰਾਨ ਕੁੱਲ 35 ਮੀਟਿੰਗਾਂ ਕੀਤੀਆਂ। ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ, ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਇਆ, ਦੀ ਗਿਣਤੀ ਹੇਠਾਂ ਲਿਖੀ ਸਾਰਣੀ ਵਿੱਚ ਦਰਸਾਈ ਗਈ ਹੈ: -

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1 | ਪ੍ਰਿੰਸੀਪਲ ਬੁੱਧ ਰਾਮ | 35 |
| 2 | ਸ੍ਰੀ ਅਮੋਲਕ ਸਿੰਘ | 11 |
| 3 | ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ | 08 |
| 4 | ਸ੍ਰੀ ਗੁਰਲਾਲ ਘਨੌਰ | 14 |
| 5 | ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ | 19 |
| 6 | ਸਰਦਾਰ ਜਗਦੀਪ ਸਿੰਘ ਕਾਕਾ ਬਰਾੜ | 08 |
| 7 | ਸਰਦਾਰ ਕੁਲਜੀਤ ਸਿੰਘ ਰੰਧਾਵਾ | 22 |
| 8 | ਸਰਦਾਰ ਲਾਭ ਸਿੰਘ ਉਗ੍ਰੋਕੇ | 15 |
| 9 | ਸ੍ਰੀ ਨਰੇਸ਼ ਪੁਰੀ | 12 |
| 10 | ਸ੍ਰੀਮਤੀ ਨੀਨਾ ਮਿੱਤਲ | 17 |
| 11 | ਸ੍ਰੀ ਸੰਦੀਪ ਜਾਖੜ | 0 |
| 12 | ਸ੍ਰੀਮਤੀ ਸੰਤੋਸ਼ ਕੁਮਾਰੀ ਕਟਾਰੀਆ | 10 |
| 13 | ਸ੍ਰੀ ਸੁਖਵਿੰਦਰ ਸਿੰਘ ਕੋਟਲੀ | 31 |

4. ਕਮੇਟੀ ਦੀਆਂ ਹੋਈਆਂ ਮੀਟਿੰਗਾਂ ਵਿੱਚ ਕੀਤਾ ਗਿਆ ਕੰਮ-ਕਾਰ ਅਤੇ ਹਾਜ਼ਰ ਮੈਂਬਰਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ: –

| ਲੜੀ ਨੰ: | ਮੀਟਿੰਗ ਦੀ ਮਿਤੀ | ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ | ਕੀਤਾ ਗਿਆ ਕੰਮ-ਕਾਰ |
|---|---|---|---|
| 1. | 2. | 3. | 4. |
| 1. | 04.06.2025 | 06 | ਕਮੇਟੀ ਵੱਲੋਂ ਕਮੇਟੀ ਦੇ ਕਾਰਜ ਖੇਤਰ ਅਤੇ ਕੰਮ-ਕਾਰ ਤੇ ਆਰੰਭਿਕ ਵਿਚਾਰ-ਵਟਾਂਦਰਾ ਕੀਤਾ ਗਿਆ। |
| 2. | 10.06.2025 | 08 | ਕਮੇਟੀ ਵੱਲੋਂ ਪ੍ਰਬੰਧਕੀ ਸਕੱਤਰ, ਡਾਇਰੈਕਟਰ ਅਤੇ ਜੁਆਇੰਟ ਡਿਵੈਲਪਮੈਂਟ ਕਮਿਸ਼ਨਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਨਾਲ ਪੰਚਾਇਤੀ ਰਾਜ ਇਕਾਈਆਂ ਦੇ ਕੰਮ-ਕਾਰ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵਿਭਾਗ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਸਬੰਧੀ ਵਿਭਾਗੀ ਅਧਿਕਾਰੀਆਂ ਵੱਲੋਂ ਪ੍ਰੈਜੇਂਟੇਸ਼ਨ ਦਿੱਤੀ ਗਈ। |
| 3. | 27.06.2025 | 10 | ਕਮੇਟੀ ਵੱਲੋਂ (ਅਪ੍ਰੈਲ 2016 ਤੋਂ ਮਾਰਚ 2019) ਦੀ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ, ਕਮੇਟੀ ਦੀ 20ਵੀਂ ਰਿਪੋਰਟ ਅਤੇ ਪੰਚਾਇਤ ਸੰਮਤੀ ਬਠਿੰਡਾ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ (V.C.ਰਾਹੀਂ) ਵਿਚਾਰ-ਵਟਾਂਦਰਾ ਕੀਤਾ ਗਿਆ। |
| 4. | 03.07.2025 | 05 | ਕਮੇਟੀ ਵੱਲੋਂ ਪੰਚਾਇਤ ਸੰਮਤੀ, ਖੇੜਾ, ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਪੰਚਾਇਤ ਸੰਮਤੀ ਝੁਨੀਰ, ਜ਼ਿਲ੍ਹਾ ਮਾਨਸਾ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ (V.C. ਰਾਹੀਂ ) ਵਿਚਾਰ-ਵਟਾਂਦਰਾ ਕੀਤਾ ਅਤੇ ਪੰਜਾਬ ਰਾਜ ਵਿੱਚ ਚੱਲ ਰਹੀ ਮਗਨਰੇਗਾ ਸਕੀਮ ਬਾਰੇ ਵਿਭਾਗੀ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। |
| 5. | 09.07.2025 | 09 | ਕਮੇਟੀ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਵਲੋਂ ਚੱਲ ਰਹੀਆਂ ਵੱਖ-ਵੱਖ ਸਕੀਮਾਂ ਸਬੰਧੀ ਮਿਤੀ 10.06.2025 ਨੂੰ ਹੋਈ ਮੀਟਿੰਗ ਦੀ ਲਗਾਤਾਰਤਾ ਵਿੱਚ ਬਾਕੀ ਰਹਿੰਦੀਆਂ ਸਕੀਮਾਂ ਸਬੰਧੀ ਵਿਭਾਗੀ ਅਧਿਕਾਰੀਆਂ ਵੱਲੋਂ ਪ੍ਰੈਜੈਂਟੇਸ਼ਨ ਦਿੱਤੀ ਗਈ ਅਤੇ ਸਭਾਪਤੀ ਜੀ ਨੇ ਮਿਤੀ 04.06.2025, 10.06.2025, 27.06.2025 ਅਤੇ ਮਿਤੀ 03.07.2025 ਨੂੰ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 6. | 16.07.2025 | 05 | ਕਮੇਟੀ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਵਲੋਂ ਚੱਲ ਰਹੀਆਂ ਵੱਖ-ਵੱਖ ਸਕੀਮਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |

| | | | |
|---|---|---|---|
| 7. | 17.07.2025 | 05 | ਕਮੇਟੀ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 8. | 21.07.2025 | 07 | ਕਮੇਟੀ ਵੱਲੋਂ ਮਿਤੀ 27.06.2025, 03.07.2025 ਅਤੇ ਮਿਤੀ 09.07.2025 ਨੂੰ ਕਮੇਟੀ ਵੱਲੋਂ ਕੀਤੇ ਗਏ ਆਮ ਪ੍ਰੇਖਣਾਂ ਦੇ ਸਬੰਧ ਵਿੱਚ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਤੇ ਵਿਚਾਰ-ਵਟਾਂਦਰਾ ਕੀਤਾ, ਪੰਚਾਇਤ ਸੰਮਤੀ, ਡੇਰਾ ਬੱਸੀ, ਐਸ.ਏ.ਐਸ. ਨਗਰ ਅਤੇ ਪੰਚਾਇਤ ਸੰਮਤੀ, ਬੰਗਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 9. | 29.07.2025 | 04 | ਕਮੇਟੀ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਜ਼ਿਲ੍ਹਾ ਤਰਨਤਾਰਨ ਬਾਰੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਵਿਸ਼ੇਸ਼ ਕਰਕੇ ਪਹਿਲ ਸਕੀਮ, ਸੈਲਫ ਹੈਲਪ ਗਰੁੱਪ ਸਕੀਮ, ਸਮਾਰਟ ਵਿਲੇਜ ਸਕੀਮ, ਪੰਜਾਬ ਸਟੇਟ ਰੂਰਲ ਲਿਵਲੀਹੁੱਡ ਮਿਸ਼ਨ, ਮਗਨਰੇਗਾ ਅਤੇ ਪੰਚਾਇਤੀ ਜ਼ਮੀਨਾਂ ਤੇ ਨਜ਼ਾਇਜ ਕਬਜ਼ਿਆਂ ਬਾਰੇ ਕੀਤੀ ਕਾਰਵਾਈ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 10. | 30.07.2025 | 05 | ਕਮੇਟੀ ਵੱਲੋਂ ਜਲੰਧਰ ਵਿਖੇ ਜ਼ਿਲ੍ਹਾ ਜਲੰਧਰ, ਜ਼ਿਲ੍ਹਾ ਕਪੂਰਥਲਾ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਾਰੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਵਿਸ਼ੇਸ਼ ਕਰਕੇ ਪਹਿਲ ਸਕੀਮ, ਸੈਲਫ ਹੈਲਪ ਗਰੁੱਪ ਸਕੀਮ, ਸਮਾਰਟ ਵਿਲੇਜ ਸਕੀਮ, ਪੰਜਾਬ ਸਟੇਟ ਰੂਰਲ ਲਿਵਲੀਹੁੱਡ ਮਿਸ਼ਨ, ਮਗਨਰੇਗਾ ਅਤੇ ਪੰਚਾਇਤੀ ਜ਼ਮੀਨਾਂ ਤੇ ਨਜ਼ਾਇਜ ਕਬਜ਼ਿਆਂ ਬਾਰੇ ਕੀਤੀ ਕਾਰਵਾਈ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 11. | 06.08.2025 | 08 | ਕਮੇਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤਰਨਤਾਰਨ ਅਤੇ ਪੰਚਾਇਤ ਸੰਮਤੀ ਤਰਨਤਾਰਨ, ਜ਼ਿਲ੍ਹਾ ਤਰਨਤਾਰਨ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 12. | 13.08.2025 | 05 | ਕਮੇਟੀ ਵੱਲੋਂ ਪੰਚਾਇਤ ਸੰਮਤੀ ਵਲਟੋਹਾ, ਪੰਚਾਇਤ ਸੰਮਤੀ ਚੋਹਲਾ ਸਾਹਿਬ, ਪੰਚਾਇਤ ਸੰਮਤੀ ਭਿੱਖੀਵਿੰਡ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ, ਪੰਚਾਇਤ ਸੰਮਤੀ ਤਰਨਤਾਰਨ, ਜ਼ਿਲ੍ਹਾ ਪ੍ਰੀਸ਼ਦ ਤਰਨਤਾਰਨ ਦੀ ਮਿਤੀ 06.08.2025 ਨੂੰ ਹੋਈ ਮੀਟਿੰਗ ਵਿੱਚ ਬਕਾਇਆ ਪੈਰ੍ਹਿਆਂ ਤੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਦੀਆਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਤਰਨਤਾਰਨ ਵਿਖੇ ਹੋਈਆਂ ਮੀਟਿੰਗਾਂ ਵਿੱਚ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਦੀ ਸਮੀਖਿਆ |

| | | | |
|---|---|---|---|
| | | | ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਭਾਪਤੀ ਜੀ ਨੇ ਮਿਤੀ 09.07.2025, 16.07.2025, 17.07.2025, 21.07.2025, 29.07.2025, 30.07.2025 ਅਤੇ ਮਿਤੀ 06.08.2025 ਨੂੰ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ । |
| 13. | 20.08.2025 | 07 | ਕਮੇਟੀ ਵੱਲੋਂ ਜ਼ਿਲ੍ਹਾ ਪਟਿਆਲਾ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਦੀਆਂ ਸਮੂਹ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਸਾਲ 2017 ਤੋਂ ਬਾਅਦ ਦੇ ਐਲਫਾ ਨਾਲ ਸਬੰਧਿਤ ਆਡਿਟ ਪੈਰ੍ਹਿਆਂ ਦੇ ਜਵਾਬ ਕਮੇਟੀ ਵੱਲੋਂ ਪਹਿਲਾਂ ਮਿਤੀ 03.08.2025 ਨੂੰ ਫਿਰ ਮਿਤੀ 13.08.2025 ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਨਿਰਧਾਰਿਤ ਸਮੇਂ ਦੇ ਅੰਦਰ-ਅੰਦਰ ਨਾ ਭੇਜਣ ਕਰਕੇ ਵਿਭਾਗੀ ਅਧਿਕਾਰੀਆਂ ਦੀ ਜ਼ਿੰਮੇਵਾਰੀ ਫਿਕਸ ਕਰਨ ਬਾਰੇ ਅਤੇ ਪੰਚਾਇਤ ਸੰਮਤੀ, ਮਲੋਟ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 14. | 27.08.2025 | 06 | ਕਮੇਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੀ ਸਾਲ 2017 ਤੋਂ ਬਾਅਦ ਦੇ ਆਡਿਟ ਪੈਰ੍ਹਿਆਂ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਪੰਚਾਇਤ ਸੰਮਤੀ, ਡੇਰਾ ਬੱਸੀ, ਜ਼ਿਲ੍ਹਾ ਐਸ.ਏ.ਐਸ. ਨਗਰ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 15. | 12.09.2025 | 09 | ਕਮੇਟੀ ਵੱਲੋਂ ਪੰਚਾਇਤੀ ਰਾਜ ਸੰਸਥਾਵਾਂ ਉੱਤੇ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ) ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਕੈਗ ਦੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਪੰਚਾਇਤ ਸੰਮਤੀ ਨੌਸ਼ਹਿਰਾ ਪਨੂੰਆਂ ਦੇ ਆਡਿਟ ਪੈਰ੍ਹਿਆਂ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 16. | 17.09.2025 | 05 | ਕਮੇਟੀ ਵੱਲੋਂ ਪੰਚਾਇਤ ਸੰਮਤੀ ਪਟਿਆਲਾ ਦਿਹਾਤੀ, ਜ਼ਿਲ੍ਹਾ ਪਟਿਆਲਾ ਅਤੇ ਪੰਚਾਇਤ ਸੰਮਤੀ ਸਨੌਰ ਜ਼ਿਲ੍ਹਾ ਪਟਿਆਲਾ ਦੇ ਆਡਿਟ ਪੈਰ੍ਹਿਆਂ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਪੰਚਾਇਤੀ ਰਾਜ ਸੰਸਥਾਵਾਂ ਉੱਤੇ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ) ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 17. | 24.09.2025 | 06 | ਕਮੇਟੀ ਵੱਲੋਂ ਮਿਤੀ 17.09.2025 ਨੂੰ ਹੋਈ ਮੀਟਿੰਗ ਵਿੱਚ ਪੰਜਾਬ ਰਾਜ ਵਿੱਚ ਚੱਲ ਰਹੀ ਮਗਨਰੇਗਾ ਸਕੀਮ ਬਾਰੇ ਕਮੇਟੀ ਵੱਲੋਂ ਕੀਤੇ ਗਏ ਆਮ ਪ੍ਰੇਖਣਾਂ ਤੇ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਤੇ ਵਿਚਾਰ- |

| | | | |
|---|---|---|---|
| | | | ਵਟਾਂਦਰਾ ਕੀਤਾ ਗਿਆ ਅਤੇ ਪੰਚਾਇਤ ਸੰਮਤੀ ਲਹਿਰਾਗਾਗਾ, ਜ਼ਿਲ੍ਹਾ ਸੰਗਰੂਰ ਦੇ ਆਡਿਟ ਪੈਰ੍ਹਿਆਂ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਭਾਪਤੀ ਜੀ ਨੇ ਮਿਤੀ 13.08.2025, 20.08.2025, 27.08.2025, 12.09.2025 ਅਤੇ 17.09.2025 ਨੂੰ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ । |
| 18. | 30.09.2025 | 06 | ਕਮੇਟੀ ਵੱਲੋਂ ਪੰਚਾਇਤ ਸੰਮਤੀ ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਦੇ ਆਡਿਟ ਪੈਰ੍ਹਿਆਂ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵਿਭਾਗ ਵੱਲੋਂ ਰਾਜ ਅੰਦਰ ਚਲਾਈ ਜਾ ਰਹੀ ਪਲਾਨ ਸਕੀਮ ਆਰ.ਡੀ.ਓ. (ਐਸ)-36 ਜਿਨ੍ਹਾਂ ਪਿੰਡਾਂ ਦੀ ਐਸ.ਸੀ.ਆਬਾਦੀ 50% ਤੋਂ ਵੱਧ ਹੈ, ਦਾ ਆਧੁਨੀਕੀਕਰਨ ਅਤੇ ਸੁਧਾਰ ਕਰਨ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 19. | 09.10.2025 | 07 | ਕਮੇਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਪਠਾਨਕੋਟ ਦੇ ਆਡਿਟ ਪੈਰ੍ਹਿਆਂ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਅਤੇ ਜ਼ਿਲ੍ਹਾ ਪਠਾਨਕੋਟ ਵਿਖੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਵੱਲੋਂ ਰਾਜ ਅੰਦਰ ਚਲਾਈਆਂ ਜਾ ਰਹੀਆਂ ਮਗਨਰੇਗਾ ਸਕੀਮ, ਪ੍ਰਧਾਨ ਮੰਤਰੀ ਆਵਾਸ ਯੋਜਨਾ, 50% ਤੋਂ ਵੱਧ ਐਸ.ਸੀ.ਆਬਾਦੀ ਨਾਲ ਸਬੰਧਤ ਪਿੰਡਾਂ ਦੀ ਪਲਾਨ ਸਕੀਮ ਅਤੇ ਪਹਿਲ ਸਕੀਮ ਸਬੰਧੀ ਪ੍ਰਾਪਤ ਹੋਈ ਰਿਪੋਰਟ ਦੀ ਸਮੀਖਿਆ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 20. | 15.10.2025 | 04 | ਕਮੇਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਬਰਨਾਲਾ ਦੇ ਆਡਿਟ ਪੈਰ੍ਹਿਆਂ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਅਤੇ ਜ਼ਿਲ੍ਹਾ ਬਰਨਾਲਾ ਵਿਖੇ ਵਿਭਾਗ ਵੱਲੋਂ ਰਾਜ ਅੰਦਰ ਚਲਾਈਆਂ ਜਾ ਰਹੀਆਂ ਮਗਨਰੇਗਾ ਸਕੀਮ, ਪ੍ਰਧਾਨ ਮੰਤਰੀ ਆਵਾਸ ਯੋਜਨਾ, 50% ਤੋਂ ਵੱਧ ਐਸ.ਸੀ.ਆਬਾਦੀ ਨਾਲ ਸਬੰਧਤ ਪਿੰਡਾਂ ਦੀ ਪਲਾਨ ਸਕੀਮ ਅਤੇ ਪਹਿਲ ਸਕੀਮ ਸਬੰਧੀ ਪ੍ਰਾਪਤ ਹੋਈ ਰਿਪੋਰਟ ਦੀ ਸਮੀਖਿਆ ਕੀਤੀ ਗਈ । |
| 21. | 27.10.2025 | 04 | ਕਮੇਟੀ ਵੱਲੋਂ ਜ਼ਿਲ੍ਹਾ ਪਠਾਨਕੋਟ ਅਤੇ ਜ਼ਿਲ੍ਹਾ ਗੁਰਦਾਸਪੁਰ ਵਿਖੇ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ, ਪੰਜਾਬ ਵੱਲੋਂ ਪਿੰਡਾਂ ਦੇ ਵਿਕਾਸ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਅਤੇ ਇਨ੍ਹਾਂ ਜ਼ਿਲ੍ਹਿਆਂ ਨਾਲ ਸਬੰਧਤ ਜ਼ਿਲ੍ਹਾ ਪ੍ਰੀਸ਼ਦ/ਪੰਚਾਇਤ ਸੰਮਤੀਆਂ ਦੇ ਆਡਿਟ ਪੈਰ੍ਹਿਆਂ ਬਾਰੇ ਆਪਸੀ ਵਿਚਾਰ-ਵਟਾਂਦਰਾ ਕੀਤਾ ਗਿਆ । |
| 22. | 28.10.2025 | 04 | ਕਮੇਟੀ ਵੱਲੋਂ ਜ਼ਿਲ੍ਹਾ ਪਠਾਨਕੋਟ ਅਤੇ ਜ਼ਿਲ੍ਹਾ ਗੁਰਦਾਸਪੁਰ ਬਾਰੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਵੱਲੋਂ ਚਲਾਈਆਂ ਜਾ ਰਹੀਆਂ |

| | | | |
|---|---|---|---|
| | | | ਸਕੀਮਾਂ ਵਿਸ਼ੇਸ਼ ਕਰਕੇ ਪਹਿਲ ਸਕੀਮ, ਸੈਲਫ ਹੈਲਪ ਗਰੁੱਪ ਸਕੀਮ, ਸਮਾਰਟ ਵਿਲੇਜ਼ ਸਕੀਮ, ਪੰਜਾਬ ਸਟੇਟ ਰੂਰਲ ਲਿਵਲੀਹੁੱਡ ਮਿਸ਼ਨ, ਮਗਨਰੇਗਾ ਅਤੇ ਪੰਚਾਇਤੀ ਜ਼ਮੀਨਾਂ ਤੇ ਨਜਾਇਜ਼ ਕਬਜ਼ਿਆਂ ਬਾਰੇ ਕੀਤੀ ਗਈ ਕਾਰਵਾਈ ਅਤੇ ਇਨ੍ਹਾਂ ਜ਼ਿਲ੍ਹਿਆਂ ਨਾਲ ਸਬੰਧਿਤ ਜ਼ਿਲ੍ਹਾ ਪ੍ਰੀਸ਼ਦ/ ਪੰਚਾਇਤ ਸੰਮਤੀਆਂ ਦੇ ਆਡਿਟ ਪੈਰ੍ਹਿਆਂ ਦੀ ਸਮੀਖਿਆ ਕੀਤੀ ਗਈ । |
| 23. | 12.11.2025 | 04 | ਕਮੇਟੀ ਵੱਲੋਂ ਪੰਚਾਇਤ ਸੰਮਤੀ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਮਿਤੀ 13.10.2025 ਨੂੰ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ ਸਬ-ਕਮੇਟੀ ਵੱਲੋਂ ਸਾਲ 2021-22 ਦੇ ਐਲਫਾ ਨਾਲ ਸਬੰਧਤ ਪੈਰ੍ਹਾ ਨੰ: 7 (1) (ਲੜੀ ਨੰ. 4) ਅਤੇ ਸਾਲ 2022-23 ਦਾ ਪੈਰ੍ਹਾ ਨੰ: 7 (1) (ਲੜੀ ਨੰ.4 ) ਤੇ ਹੋਈ ਮੀਟਿੰਗ ਦੀ ਕਾਰਵਾਈ ਸਬੰਧੀ ਪ੍ਰਾਪਤ ਹੋਈ ਰਿਪੋਰਟ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ ਗਿਆ । |
| 24. | 27.11.2025 | 07 | ਕਮੇਟੀ ਵੱਲੋਂ ਕੈਗ ਵੱਲੋਂ ਰੱਖੇ ਗਏ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਅਤੇ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੇ ਸਾਂਝੇ ਕੋਨਕਲੇਵ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 25. | 29.12.2025 | 07 | ਕਮੇਟੀ ਵੱਲੋਂ ਕੈਗ ਦੀ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਉੱਤੇ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ (ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ) ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਭਾਪਤੀ ਜੀ ਨੇ ਮਿਤੀ 24.09.2025, 30.09.2025, 09.10.2025, 13.10.2025 (ਸਬ-ਕਮੇਟੀ), 15.10.2025, 27.10.2025, 28.10.2025, 12.11.2025 ਅਤੇ ਮਿਤੀ 27.11.2025 ਨੂੰ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 26. | 06.01.2026 | 05 | ਕਮੇਟੀ ਵੱਲੋਂ ਸਾਲ 2024-25 ਦੌਰਾਨ ਕਮੇਟੀ ਵੱਲੋਂ ਕੇਰਲਾ ਰਾਜ ਦੇ ਦੌਰੇ ਦੌਰਾਨ ਕੀਤੀਆਂ ਗਈਆਂ ਸਿਫਾਰਸ਼ਾਂ ਤੇ ਤੀਜੀ ਵਿਸਤ੍ਰਿਤ ਰਿਪੋਰਟ ਦੀ ਵਿਭਾਗ ਵਲੋਂ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 27. | 15.01.2026 | 04 | ਕਮੇਟੀ ਵੱਲੋਂ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਉੱਤੇ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ (ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ) ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |

| | | | |
|---|---|---|---|
| 28. | 20.01.2026 | 04 | ਕਮੇਟੀ ਵੱਲੋਂ ਗਠਿਤ ਸਬ-ਕਮੇਟੀ ਦੀ ਮਿਤੀ 13.10.2025 ਨੂੰ ਹੋਈ ਮੀਟਿੰਗ ਦੀ ਕਾਰਵਾਈ ਵਿੱਚ ਦਰਜ ਰਿਪੋਰਟ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 29. | 21.01.2026 | 04 | ਕਮੇਟੀ ਵੱਲੋਂ ਸਾਲ 2026 ਦੇ ਬਜਟ ਸੈਸ਼ਨ ਦੌਰਾਨ ਕਮੇਟੀ ਵੱਲੋਂ ਪੇਸ਼ ਕੀਤੀ ਜਾਣ ਵਾਲੀ 8ਵੀਂ ਰਿਪੋਰਟ ਦੇ ਖਰੜੇ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 30. | 29.01.2026 | 05 | ਕਮੇਟੀ ਵੱਲੋਂ ਭਾਰਤ ਦੇ ਲੇਖਾ ਪ੍ਰੀਖਿਆ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਪੰਜਾਬ ਵਿੱਚ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਸਕੀਮ ਨੂੰ ਲਾਗੂਕਰਣ ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵਿੱਚ ਵੱਖ-ਵੱਖ ਪੈਰਿਆਂ ਸਬੰਧੀ ਕਮੇਟੀ ਦੀ ਪੰਜਵੀਂ ਰਿਪੋਰਟ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ ਤੇ ਵਿਭਾਗ ਵੱਲੋ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 31. | 04.02.2026 | 04 | ਮਾਣਯੋਗ ਮੈਂਬਰ ਸਾਹਿਬਾਨਾਂ ਵੱਲੋਂ ਕਮੇਟੀ ਦੇ ਕਾਰਜ ਖੇਤਰ ਅਤੇ ਕੀਤੇ ਗਏ ਕਾਰਜਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ ਗਿਆ। |
| 32. | 05.02.2026 | 04 | i. ਕਮੇਟੀ ਵੱਲੋਂ ਜ਼ਿਲ੍ਹਾ ਪਟਿਆਲਾ ਨਾਲ ਸਬੰਧਤ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਵਿਸ਼ੇਸ਼ ਕਰਕੇ ਪਹਿਲ ਸਕੀਮ, ਸੈਲਫ ਹੈਲਪ ਗਰੁੱਪ ਸਕੀਮ, ਸਮਾਰਟ ਵਿਲੇਜ਼ ਸਕੀਮ, ਪੰਜਾਬ ਸਟੇਟ ਰੂਰਲ ਲਿਵਲੀਹੁੱਡ ਮਿਸ਼ਨ, ਮਗਨਰੇਗਾ ਅਤੇ ਪੰਚਾਇਤੀ ਜ਼ਮੀਨਾਂ ਤੇ ਨਜਾਇਜ਼ ਕਬਜ਼ਿਆਂ ਬਾਰੇ ਕੀਤੀ ਗਈ ਕਾਰਵਾਈ ਦਾ ਨਿਰੀਖਣ ਕੀਤਾ ਗਿਆ।<br>ii. ਕਮੇਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ, ਪਟਿਆਲਾ ਅਤੇ ਜ਼ਿਲ੍ਹਾ ਪਟਿਆਲਾ ਨਾਲ ਸਬੰਧਤ ਸਮੂਹ ਪੰਚਾਇਤ ਸੰਮਤੀਆਂ ਦੇ ਆਡਿਟ ਪੈਰ੍ਹਿਆਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।<br>iii. ਕਮੇਟੀ ਵੱਲੋਂ ਪੰਚਾਇਤ ਸੰਮਤੀ ਸਮਾਣਾ ਅਤੇ ਭੁਨਰਹੇੜੀ ਜ਼ਿਲ੍ਹਾ ਪਟਿਆਲਾ ਦੇ ਆਡਿਟ ਪੈਰ੍ਹਿਆਂ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 33. | 18.02.2026 | 05 | ਕਮੇਟੀ ਵੱਲੋਂ ਸਾਲ 2024-25 ਦੌਰਾਨ ਕਮੇਟੀ ਵੱਲੋਂ ਸੁਲਤਾਨਪੁਰ ਲੋਧੀ ਦੇ ਦੌਰੇ ਉਪਰੰਤ ਛੱਪੜਾਂ ਦੀ ਸਫਾਈ ਅਤੇ ਪਵਿੱਤਰ ਕਾਲੀ ਵੇਈਂ ਨੂੰ ਸਾਫ਼ ਰੱਖਣ ਲਈ ਕੀਤੀਆਂ ਗਈਆਂ ਸਿਫਾਰਸ਼ਾਂ ਤੇ ਕਮੇਟੀ ਦੀ ਚੌਥੀ ਰਿਪੋਰਟ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਭਾਗੀ ਅਧਿਕਾਰੀਆਂ ਦੀ ਮੌਖਿਕ ਪ੍ਰੀਖਿਆ ਕੀਤੀ ਗਈ, ਸਾਲ 2024-25 ਦੌਰਾਨ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ) ਸਬੰਧੀ ਕਮੇਟੀ ਦੀ ਦੂਜੀ |

| | | | |
|---|---|---|---|
| | | | ਰਿਪੋਰਟ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਭਾਗੀ ਅਧਿਕਾਰੀਆਂ ਦੀ ਮੌਖਿਕ ਪ੍ਰੀਖਿਆ ਕੀਤੀ ਗਈ, ਭਾਰਤ ਦੇ ਲੇਖਾ ਪ੍ਰੀਖਿਆ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਪੰਜਾਬ ਵਿੱਚ ਮਗਨਰੇਗਾ ਸਕੀਮ ਨੂੰ ਲਾਗੂਕਰਣ ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵਿੱਚ ਵੱਖ-ਵੱਖ ਪੈਰਿਆਂ ਸਬੰਧੀ ਕਮੇਟੀ ਦੀ ਪੰਜਵੀਂ ਰਿਪੋਰਟ ਤੇ ਵਿਭਾਗ ਵੱਲੋਂ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਦੀ 10ਵੀਂ, 11ਵੀਂ ਅਤੇ 12ਵੀਂ ਰਿਪੋਰਟ ਦੇ ਖਰੜੇ ਦੀ ਪ੍ਰਵਾਨਗੀ ਦਿੱਤੀ ਗਈ। |
| 34. | 25.02.2026 | 06 | (i) ਕਮੇਟੀ ਵੱਲੋਂ ਮਿਤੀ 05.02.2026 ਨੂੰ ਪਟਿਆਲਾ ਵਿਖੇ ਹੋਈ ਮੀਟਿੰਗ ਦੌਰਾਨ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।<br>(ii) ਕਮੇਟੀ ਦੀ ਛੇਵੀਂ ਰਿਪੋਰਟ ਤੇ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਤੇ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।<br>(iii) ਸ਼੍ਰੀ ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ., ਹਲਕਾ-ਬੰਗਾ ਵੱਲੋਂ ਪ੍ਰਾਪਤ ਹੋਈ ਪ੍ਰਤੀ-ਬੇਨਤੀ ਤੇ ਵਿਭਾਗ ਵੱਲੋਂ ਕੀਤੀ ਕਾਰਵਾਈ ਤੇ ਵਿਚਾਰ-ਵਟਾਂਦਰਾ ਅਤੇ ਪਿੰਡ ਮੈਣ ਮਾਜਰੀ, ਬਲਾਕ-ਬੱਸੀ ਪਠਾਣਾ, ਜ਼ਿਲ੍ਹਾ-ਫਤਹਿਗੜ੍ਹ ਸਾਹਿਬ ਤੇ ਕਮੇਟੀ ਨੂੰ ਪ੍ਰਾਪਤ ਹੋਈ ਪ੍ਰਤੀ-ਬੇਨਤੀ ਤੇ ਵਿਭਾਗੀ ਅਧਿਕਾਰੀਆਂ ਦੀ ਪੁੱਛ-ਗਿੱਛ ਕੀਤੀ ਗਈ। |
| 35. | 06.03.2026 | 08 | ਕਮੇਟੀ ਵੱਲੋਂ ਕਮੇਟੀ ਦੀ ਛੇਵੀਂ ਰਿਪੋਰਟ ਦਾ ਭਾਗ-3 ਡੇਰਾਬੱਸੀ ਵਿਖੇ ਕੀਤੀ ਗਈ ਮੀਟਿੰਗ ਨੂੰ ਆਧਾਰ ਬਣਾ ਕੇ ਪੰਜਾਬ ਦੇ ਪਿੰਡਾਂ ਦੇ ਵਿਕਾਸ ਲਈ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ/ਆਮ ਪ੍ਰੇਖਣਾਂ ਤੇ ਵਿਭਾਗ ਵੱਲੋਂ ਪ੍ਰਾਪਤ ਹੋਈ ਉੱਤਰਮਾਲਾ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਭਾਪਤੀ ਜੀ ਨੇ ਮਿਤੀ 29.12.2025, 06.01.2026, 15.01.2026 20.01.2026, 21.01.2026, 29.01.2026, 04.02.2026, 05.02.2026, 18.02.2026 ਅਤੇ 25.02.2026 ਨੂੰ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ । |

**6. ਕੋਰਮ ਨਾ ਹੋਣ ਵਾਲੀਆਂ ਮੀਟਿੰਗਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ :-**

1. ਮਿਤੀ 03.11.2025 ਕੋਰਮ ਨਾ ਹੋਣ ਕਰਕੇ ਮੀਟਿੰਗ ਨਹੀਂ ਹੋ ਸਕੀ ।
2. ਮਿਤੀ 18.11.2025 ਕੋਰਮ ਨਾ ਹੋਣ ਕਰਕੇ ਮੀਟਿੰਗ ਨਹੀਂ ਹੋ ਸਕੀ ।
3. ਮਿਤੀ 09.12.2025 ਕੋਰਮ ਨਾ ਹੋਣ ਕਰਕੇ ਮੀਟਿੰਗ ਨਹੀਂ ਹੋ ਸਕੀ ।
4. ਮਿਤੀ 19.01.2026 ਕੋਰਮ ਨਾ ਹੋਣ ਕਰਕੇ ਮੀਟਿੰਗ ਨਹੀਂ ਹੋ ਸਕੀ ।
5. ਮਿਤੀ 11.02.2026 ਕੋਰਮ ਨਾ ਹੋਣ ਕਰਕੇ ਮੀਟਿੰਗ ਨਹੀਂ ਹੋ ਸਕੀ ।

7. **ਚੰਡੀਗੜ੍ਹ ਤੋਂ ਬਾਹਰ ਹੋਈਆਂ ਮੀਟਿੰਗਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ : –**

1. ਮਿਤੀ 16.07.2025 ਤੋਂ ਮਿਤੀ 17.07.2025 ਤੱਕ ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ ।
2. ਮਿਤੀ 29.07.2025 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਮਿਤੀ 30.07.2025 ਨੂੰ ਜਲੰਧਰ ।
3. ਮਿਤੀ 13.10.2025 ਨੂੰ **ਸਬ-ਕਮੇਟੀ** ਦੀ ਮੀਟਿੰਗ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ।
4. ਮਿਤੀ 27.10.2025 ਤੋਂ ਮਿਤੀ 28.10.2025 ਤੱਕ ਰਣਜੀਤ ਸਾਗਰ ਡੈਮ, ਸ਼ਾਹਪੁਰ ਕੰਡੀ, ਜ਼ਿਲ੍ਹਾ ਪਠਾਨਕੋਟ ।
5. ਮਿਤੀ 19.01.2026 ਤੋਂ ਮਿਤੀ 21.01.2026 ਤੱਕ ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।
6. ਮਿਤੀ 04.02.2026 ਤੋਂ ਮਿਤੀ 05.02.2026 ਤੱਕ ਪਟਿਆਲਾ ।

8. **ਕਮੇਟੀ ਵੱਲੋਂ ਸਦਨ ਵਿੱਚ ਪੇਸ਼ ਕੀਤੀਆਂ ਗਈਆਂ ਪੰਜ ਰਿਪੋਰਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ:-**

1. ਵੱਖ-ਵੱਖ ਪੰਚਾਇਤੀ ਰਾਜ ਇਕਾਈਆਂ ਵਿੱਚ ਆਡਿਟ ਪੈਰ੍ਹਿਆਂ ਸੰਬੰਧੀ ਵੱਖ-ਵੱਖ ਮੀਟਿੰਗਾਂ ਵਿੱਚ ਕੀਤੇ ਗਏ ਆਮ ਪ੍ਰੇਖਣਾਂ/ਕੀਤੀਆਂ ਗਈਆਂ ਸਿਫਾਰਸ਼ਾਂ ਤੇ ਕਮੇਟੀ ਦੀ ਅੱਠਵੀਂ ਰਿਪੋਰਟ।

2. 15ਵੇਂ ਵਿੱਤ ਕਮਿਸ਼ਨ ਸੰਬੰਧੀ ਸਿਫਾਰਸ਼ਾਂ ਸਹਿਤ ਕਮੇਟੀ ਦੀ ਨੌਵੀਂ ਰਿਪੋਰਟ।

3. ਜ਼ਿਲ੍ਹਾ ਪੱਧਰ ਤੇ ਪੇਂਡੂ ਵਿਕਾਸ ਸਕੀਮਾਂ ਦੀ ਸਮੀਖਿਆ ਕਰਨ ਲਈ ਸ੍ਰੀ ਅੰਮ੍ਰਿਤਸਰ ਸਾਹਿਬ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਕੀਤੇ ਦੌਰਿਆਂ ਸੰਬੰਧੀ ਕਮੇਟੀ ਦੀ ਦਸਵੀਂ ਭਾਵਪੂਰਤ ਰਿਪੋਰਟ।

4. ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ ਦੀ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਉੱਤੇ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ (ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ) ਤੇ ਕਮੇਟੀ ਦੀ ਭਾਵਪੂਰਤ ਗਿਆਰਵੀਂ ਰਿਪੋਰਟ।

5. ਪੰਚਾਇਤੀ ਰਾਜ ਇਕਾਈਆਂ ਸੰਬੰਧੀ ਕਮੇਟੀ ਵੱਲੋਂ ਵੱਖ-ਵੱਖ ਮੀਟਿੰਗਾਂ ਵਿੱਚ ਕੀਤੇ ਗਏ ਆਮ ਪ੍ਰੇਖਣ/ ਸਿਫ਼ਾਰਸ਼ਾਂ ਤੇ ਕਮੇਟੀ ਦੀ ਭਾਵਪੂਰਤ ਬਾਰ੍ਹਵੀਂ ਰਿਪੋਰਟ।

## **ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ ਸਬ-ਕਮੇਟੀ ਦੀ ਬਣਤਰ**

1. ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਨੇ ਮਿਤੀ 20 ਅਗਸਤ, 2025 ਨੂੰ ਹੋਈ ਮੀਟਿੰਗ ਦੌਰਾਨ ਪੰਚਾਇਤ ਸੰਮਤੀ, ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਕੁੱਝ ਪੈਰ੍ਹਿਆਂ ਵਿੱਚ ਗੰਭੀਰ ਬੇਨਿਯਮੀਆਂ ਸਾਹਮਣੇ ਆਉਣ ਕਰਕੇ ਕਮੇਟੀ ਵਲੋਂ ਸਬ-ਕਮੇਟੀ ਗਠਿਤ ਕਰਨ ਦੀ ਸਿਫਾਰਸ਼ ਕੀਤੀ ਸੀ।

2. ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ ਅੰਦਰੂਨੀ ਕਾਰਜ ਨਿਯਮਾਵਲੀ ਦੇ ਨਿਯਮ 4(3) ਅਧੀਨ, ਮਾਣਯੋਗ ਸਪੀਕਰ ਸਾਹਿਬ ਵਲੋਂ ਸਾਲ 2025-26 ਲਈ ਮਿਤੀ 18 ਸਤੰਬਰ, 2025 ਨੂੰ ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ, ਐਮ.ਐਲ.ਏ. ਨੂੰ ਸਬ-ਕਮੇਟੀ ਦੇ ਕਨਵੀਨਰ ਅਤੇ ਸਰਦਾਰ ਜਗਦੀਪ ਸਿੰਘ ਕਾਕਾ ਬਰਾੜ, ਐਮ.ਐਲ.ਏ. ਨੂੰ ਸਬ-ਕਮੇਟੀ ਦੇ ਮੈਂਬਰ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ।

3. ਸਬ-ਕਮੇਟੀ ਦੀ ਹੋਈ ਮੀਟਿੰਗ ਵਿੱਚ ਕੀਤਾ ਗਿਆ ਕੰਮ-ਕਾਰ ਅਤੇ ਹਾਜ਼ਰ ਮੈਂਬਰਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :-

| **ਲੜੀ ਨੰ:** | **ਮੀਟਿੰਗ ਦੀ ਮਿਤੀ** | **ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ** | **ਕੀਤਾ ਗਿਆ ਕੰਮ-ਕਾਰ** |
|---|---|---|---|
| **1.** | **2.** | **3.** | **4.** |
| 1. | 13.10.2025 | 02 | ਪੰਚਾਇਤੀ ਸੰਮਤੀ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਾਲ 2021-22 ਦਾ ਐਲਫਾ ਨਾਲ ਸਬੰਧਤ ਪੈਰ੍ਹਾ ਨੰ: 7(1) (ਲੜੀ ਨੰ.4) ਅਤੇ ਸਾਲ 2022-23 ਦਾ ਪੈਰ੍ਹਾ ਨੰ. 7(1) (ਲੜੀ ਨੰ. 4) ਵਿੱਚ ਹੋਈਆਂ ਗੰਭੀਰ ਬੇਨਿਯਮੀਆਂ ਦਾ ਅਧਿਐਨ ਕੀਤਾ ਗਿਆ । |

## ਸਥਾਨਕ ਸੰਸਥਾਵਾਂ ਸਬੰਧੀ ਕਮੇਟੀ

## ਚੋਣ ਅਤੇ ਬਣਤਰ

1. ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 251-ਘ(2) ਅਧੀਨ, ਮਾਣਯੋਗ ਸਪੀਕਰ ਸਾਹਿਬ ਦੁਆਰਾ ਮਿਤੀ 19 ਮਈ, 2025 ਨੂੰ ਸਾਲ 2025-26 ਲਈ ਅਧਿਸੂਚਨਾ ਨੰ: 1-ਸੀ.ਐਲ.ਬੀ./ 2025-26/31, ਮਿਤੀ 19 ਮਈ, 2025 ਰਾਹੀਂ 12 ਮੈਂਬਰੀ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਨਾਮਜ਼ਦ ਕੀਤੀ।

2. ਪੰਜਾਬ ਵਿਧਾਨ ਸਭਾ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184(1) ਅਧੀਨ ਮਾਣਯੋਗ ਸਪੀਕਰ ਸਾਹਿਬ ਦੁਆਰਾ ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ ।

3. ਕਮੇਟੀ ਨੇ ਸਾਲ 2025-26 ਦੌਰਾਨ ਕੁੱਲ 16 ਮੀਟਿੰਗਾਂ ਕੀਤੀਆਂ।

ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ, ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਇਆ, ਦੀ ਗਿਣਤੀ ਹੇਠਾਂ ਲਿਖੀ ਸਾਰਣੀ ਵਿੱਚ ਦਰਸਾਈ ਗਈ ਹੈ:-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1 | ਸਰਦਾਰ ਕੁਲਵੰਤ ਸਿੰਘ | 15 |
| 2 | ਸਰਦਾਰ ਅਜੀਤਪਾਲ ਸਿੰਘ ਕੋਹਲੀ | 13 |
| 3 | ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) | 08 |
| 4 | ਸ੍ਰੀ ਅਸ਼ੋਕ ਪਰਾਸ਼ਰ (ਪੱਪੀ) | 08 |
| 5 | ਸਰਦਾਰ ਬਲਵਿੰਦਰ ਸਿੰਘ ਧਾਲੀਵਾਲ | 06 |
| 6 | ਸਰਦਾਰ ਬਰਿੰਦਰਮੀਤ ਸਿੰਘ ਪਾਹੜਾ | 00 |
| 7 | ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ | 12 |
| 8 | ਸ੍ਰੀਮਤੀ ਜੀਵਨਜੋਤ ਕੌਰ | 10 |
| 9 | ਸਰਦਾਰ ਕੁਲਜੀਤ ਸਿੰਘ ਰੰਧਾਵਾ | 15 |
| 10 | *ਸਰਦਾਰ ਕੁਲਦੀਪ ਸਿੰਘ ਧਾਲੀਵਾਲ | 06 |
| 11 | ਸ੍ਰੀ ਮਦਨ ਲਾਲ ਬੱਗਾ | 05 |
| 12 | ਸ੍ਰੀਮਤੀ ਨੀਨਾ ਮਿੱਤਲ | 07 |
| 13 | ਸ੍ਰੀਮਤੀ ਰਜਿੰਦਰ ਪਾਲ ਕੌਰ | 06 |

ਪੰਜਾਬ ਵਿਧਾਨ ਸਭਾ ਸਕੱਤਰੇਤ ਦੀ ਅਧਿਸੂਚਨਾ ਨੰ: 1-ਸੀ.ਐਲ.ਬੀ./2025-26/31, ਮਿਤੀ 19 ਮਈ, 2025 ਦੀ ਲਗਾਤਾਰਤਾ ਵਿੱਚ ਮਾਣਯੋਗ ਸਪੀਕਰ ਸਾਹਿਬ ਦੁਆਰਾ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 180(3) ਅਧੀਨ, ਮਿਤੀ 14 ਅਗਸਤ, 2025 ਨੂੰ ਅਧਿਸੂਚਨਾ ਨੰ:1-ਸੀ.ਐਲ.ਬੀ./2025-26/49, ਮਿਤੀ 14 ਅਗਸਤ, 2025 ਰਾਹੀਂ *ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਐਮ.ਐਲ.ਏ. ਨੂੰ ਸਾਲ 2025-26 ਦੇ ਬਾਕੀ ਰਹਿੰਦੇ ਸਮੇਂ ਲਈ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ।

4.  ਕਮੇਟੀ ਦੀਆਂ ਹੋਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਰ:

ਮੀਟਿੰਗਾਂ ਦੀਆਂ ਮਿਤੀਆਂ, ਹਾਜ਼ਰ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿੱਚ ਕੀਤਾ ਗਿਆ ਕੰਮ-ਕਾਰ ਹੇਠਾਂ ਦਰਸਾਇਆ ਜਾਂਦਾ ਹੈ:-

| **ਲੜੀ ਨੰ:** | **ਮੀਟਿੰਗ ਦੀ ਮਿਤੀ** | **ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ** | **ਕੀਤਾ ਗਿਆ ਕੰਮ-ਕਾਰ** |
|---|---|---|---|
| **1.** | **2.** | **3.** | **4.** |
| 01. | 27.06.2025 | 07 | ਕਮੇਟੀ ਨੇ ਆਪਣੇ ਕਾਰਜ ਖੇਤਰ ਅਤੇ ਕੰਮ-ਕਾਰ ਤੇ ਵਿਭਾਗੀ ਅਧਿਕਾਰੀਆਂ ਨਾਲ ਆਰੰਭਿਕ ਵਿਚਾਰ-ਵਟਾਂਦਰਾ ਕੀਤਾ। |
| 02. | 08.07.2025 | 10 | 1. ਕਮੇਟੀ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਸਾਲ 2016 ਤੋਂ 2019 ਤੱਕ) ਵਿੱਚ ਦਰਜ਼ ਵੱਖ-ਵੱਖ ਪੈਰ੍ਹਿਆਂ ਤੇ ਵਿਭਾਗ ਵੱਲੋਂ ਪ੍ਰਾਪਤ ਹੋਈ ਉੱਤਰਮਾਲਾ ਦੀ ਛਾਣ-ਬੀਣ ਕੀਤੀ।<br>2. ਕਮੇਟੀ ਨੇ ਨਿਰੀਖਕ, ਸਥਾਨਕ, ਫੰਡ ਲੇਖਾ ਨਾਲ ਸਬੰਧਤ ਮਾਰਚ, 2017 ਤੱਕ ਦੇ ਸਥਾਨਕ ਸਰਕਾਰ ਵਿਭਾਗ ਨੂੰ ਟਰਾਂਸਫਰ ਕੀਤੇ ਗਏ ਪੈਂਡਿੰਗ ਪੈਰ੍ਹਿਆਂ ਨੂੰ ਸੈਟਲ ਕਰਨ ਲਈ ਸਬੰਧਤ ਵਿਭਾਗ ਦੀ ਤਿੰਨ ਮੈਂਬਰੀ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਦੀ ਤਾਜ਼ਾ ਸਥਿਤੀ ਤੇ ਵਿਚਾਰ-ਵਟਾਂਦਰਾ ਕੀਤਾ।<br>3. ਕਮੇਟੀ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਸਾਲ 2019 ਤੋਂ 2022 ਤੱਕ) ਵਿੱਚ ਦਰਜ਼ ਆਡਿਟ ਪੈਰ੍ਹਿਆਂ ਦੀ ਉੱਤਰਮਾਲਾ ਭੇਜਣ ਲਈ ਸਥਾਨਕ ਸਰਕਾਰ ਵਿਭਾਗ ਨੂੰ ਹਦਾਇਤ ਕੀਤੀ। |
| 03. | 22.07.2025 | 10 | 1. ਕਮੇਟੀ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਸਾਲ 2016 ਤੋਂ 2019 ਤੱਕ) ਵਿੱਚ ਦਰਜ਼ ਆਡਿਟ ਪੈਰ੍ਹਿਆਂ ਤੇ ਛਾਣ-ਬੀਣ ਕੀਤੀ।<br>2. ਕਮੇਟੀ ਨੇ ਨਗਰ ਕੌਂਸਲ, ਜ਼ੀਰਕਪੁਰ ਨੂੰ ਨਗਰ ਨਿਗਮ ਦਾ ਦਰਜਾ ਦੇਣ ਸਬੰਧੀ ਨਗਰ ਕੌਂਸਲ, ਡੇਰਾਬੱਸੀ ਅਤੇ ਨਗਰ ਕੌਂਸਲ, ਲਾਲੜੂ ਨੂੰ ਇਸ ਨਗਰ ਨਿਗਮ ਅਧੀਨ ਸ਼ਾਮਲ ਕਰਨ ਲਈ ਵੀ ਵਿਭਾਗ ਨੂੰ ਹਦਾਇਤ ਕੀਤੀ। |

| | | | |
|---|---|---|---|
| 04. | 29.07.2025 | 08 | 1. ਕਮੇਟੀ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਸਾਲ 2016 ਤੋਂ 2019 ਤੱਕ) ਵਿੱਚ ਦਰਜ਼ ਬਾਕੀ ਰਹਿੰਦੇ ਆਡਿਟ ਪੈਰ੍ਹਿਆਂ ਤੇ ਛਾਣ-ਬੀਣ ਕੀਤੀ।<br>2. ਕਮੇਟੀ ਨੇ ਨਗਰ ਨਿਗਮ, ਲੁਧਿਆਣਾ, ਨਗਰ ਨਿਗਮ, ਪਟਿਆਲਾ, ਨਗਰ ਕੌਂਸਲ, ਜ਼ੀਰਕਪੁਰ ਅਤੇ ਨਗਰ ਕੌਂਸਲ, ਡੇਰਾਬੱਸੀ ਦੇ ਆਮ ਕੰਮ-ਕਾਰ ਬਾਰੇ ਤਾਜ਼ਾ ਸਾਲਾਨਾ ਆਡਿਟ ਰਿਪੋਰਟਾਂ ਦਾ ਪ੍ਰੇਖਣ ਕਰਨ ਲਈ ਚੋਣ ਕੀਤੀ।<br>3. ਕਮੇਟੀ ਨੇ ਨਗਰ ਨਿਗਮ, ਲੁਧਿਆਣਾ ਵਿੱਚ ਅਵਾਰਾ ਕੁੱਤਿਆਂ ਦੀ ਗਿਣਤੀ ਅਤੇ ਇਨ੍ਹਾਂ ਵਿੱਚੋਂ ਕਿੰਨੇ ਕੁੱਤਿਆਂ ਦੀ ਨਸਬੰਦੀ ਕਰ ਦਿੱਤੀ ਗਈ ਹੈ, ਬਾਰੇ ਵਿਭਾਗ ਤੋਂ ਡਿਟੇਲ ਰਿਪੋਰਟ ਮੰਗੀ। |
| 05. | 21.08.2025 | 05 | 1. ਕਮੇਟੀ ਨੇ ਨਗਰ ਨਿਗਮ, ਪਟਿਆਲਾ ਦੇ ਆਮ ਕੰਮ-ਕਾਰ ਬਾਰੇ ਕਮੇਟੀ ਦੀ ਨੌਵੀਂ ਰਿਪੋਰਟ (ਸਾਲ 2010-11) ਵਿੱਚ ਦਰਜ਼ ਸਿਫ਼ਾਰਸ਼ਾਂ/ਪ੍ਰੇਖਣਾਂ ਦੇ ਸਬੰਧ ਵਿੱਚ ਪ੍ਰਾਪਤ ਹੋਈ ਉੱਤਰਮਾਲਾ ਦੀ ਛਾਣ-ਬੀਣ ਕੀਤੀ।<br>2. ਕਮੇਟੀ ਨੇ ਨਗਰ ਕੌਂਸਲ, ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਆਮ ਕੰਮ-ਕਾਰ ਬਾਰੇ ਕਮੇਟੀ ਦੀ ਛੇਵੀਂ ਰਿਪੋਰਟ (ਸਾਲ 2009-10) ਵਿੱਚ ਦਰਜ਼ ਸਿਫ਼ਾਰਸ਼ਾਂ/ਪ੍ਰੇਖਣਾਂ ਦੇ ਸਬੰਧ ਵਿੱਚ ਪ੍ਰਾਪਤ ਹੋਈ ਉੱਤਰਮਾਲਾ ਦੀ ਛਾਣ-ਬੀਣ ਕੀਤੀ।<br>3. ਕਮੇਟੀ ਨੇ ਨਗਰ ਕੌਂਸਲ, ਗਿੱਦੜਬਾਹਾ ਵਿੱਚ ਸਾਲ 2021-22 ਦੌਰਾਨ ਕਾਓ ਸੈੱਸ ਦੇ ਟਰਾਂਸਫਰ ਹੋਏ 14-15 ਕਰੋੜ ਰੁਪਏ ਦੀ ਡਿਟੇਲ ਰਿਪੋਰਟ ਵਿਭਾਗ ਤੋਂ ਮੰਗੀ। |
| 06. | 26.08.2025 | 10 | 1. ਕਮੇਟੀ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਸਾਲ 2016 ਤੋਂ 2019 ਤੱਕ) ਵਿੱਚ ਦਰਜ਼ ਬਾਕੀ ਰਹਿੰਦੇ ਆਡਿਟ ਪੈਰ੍ਹਿਆਂ ਦੀ ਛਾਣ-ਬੀਣ ਕੀਤੀ।<br>2. ਕਮੇਟੀ ਨੇ ਨਗਰ ਕੌਂਸਲ, ਗਿੱਦੜਬਾਹਾ ਨਾਲ ਸਬੰਧਤ ਸਾਲ 2021-22 ਵਿੱਚ ਕਾਓ ਸੈੱਸ ਦਾ ਰਿਕਾਰਡ ਉਪਲੱਬਧ ਨਾ ਕਰਵਾਉਣ ਸਬੰਧੀ ਵਿਭਾਗੀ ਅਧਿਕਾਰੀਆਂ ਨਾਲ ਮੌਖਿਕ ਪ੍ਰੀਖਿਆ ਕੀਤੀ।<br>3. ਕਮੇਟੀ ਨੇ ਪਟਿਆਲਾ ਸ਼ਹਿਰ ਵਿੱਚ ਕਬਾੜੀ ਮਾਰਕੀਟ ਅਤੇ ਸਨੌਰੀ ਅੱਡਾ, ਪਟਿਆਲਾ ਵਿੱਚ ਕੀਤੇ ਨਜ਼ਾਇਜ ਕਬਜ਼ਿਆਂ ਨੂੰ ਹਟਾਉਣ ਅਤੇ ਵਿਭਾਗ ਵੱਲੋਂ ਇਨਕ੍ਰੋਚਮੈਂਟਸ ਹਟਾਉਣ ਲਈ ਕੀਤੀ ਗਈ ਕਾਰਵਾਈ ਸਬੰਧੀ ਤਾਜ਼ਾ ਸਥਿਤੀ ਦੀ ਰਿਪੋਰਟ ਵੀ ਮੰਗੀ। |

| | | | |
|---|---|---|---|
| 07. | 25.09.2025 | 04 | ਕਮੇਟੀ ਨੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂਲੇਖਾ ਪਰੀਖਕ ਦੀ ਸੰਵਿਧਾਨ (74ਵੀਂ ਸੋਧ) ਐਕਟ, 1992 ਦੇ ਲਾਗੂ ਕਰਨ ਦੀ ਪ੍ਰਭਾਵਿਕਤਾ ਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟ ਦੇ ਵੱਖ-ਵੱਖ ਪੈਰ੍ਹਿਆਂ ਦੀ ਛਾਣ-ਬੀਣ ਕੀਤੀ ਅਤੇ ਕਮੇਟੀ ਨੇ ਮਿਤੀ 27.06.2025, 08.07.2025, 16.07.2025, 22.07.2025, 29.07.2025, 21.08.2025, 26.08.2025 ਅਤੇ 18.09.2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਵੀ ਕੀਤੀ। |
| 08. | 30.09.2025 | 06 | ਕਮੇਟੀ ਨੇ ਨਗਰ ਕੌਂਸਲ, ਮਲੇਰਕੋਟਲਾ ਦੇ ਆਮ ਕੰਮ-ਕਾਰ ਬਾਰੇ ਕਮੇਟੀ ਦੀ 14ਵੀਂ ਰਿਪੋਰਟ (ਸਾਲ 2014-15) ਵਿੱਚ ਦਰਜ਼ ਸਿਫ਼ਾਰਸ਼ਾਂ/ਪ੍ਰੇਖਣਾਂ ਦੇ ਸਬੰਧ ਵਿੱਚ ਪ੍ਰਾਪਤ ਹੋਈ ਉੱਤਰਮਾਲਾ ਦੀ ਛਾਣ-ਬੀਣ ਕੀਤੀ। |
| 09. | 08.10.2025 | 04 | ਕਮੇਟੀ ਨੇ ਨਗਰ ਕੌਂਸਲ, ਸੁਨਾਮ ਉਧਮ ਸਿੰਘ ਵਾਲਾ ਦੇ ਆਮ ਕੰਮ-ਕਾਰ ਬਾਰੇ ਕਮੇਟੀ ਦੀ 19ਵੀਂ ਰਿਪੋਰਟ (ਸਾਲ 2018-19) ਵਿੱਚ ਦਰਜ਼ ਸਿਫ਼ਾਰਸ਼ਾਂ/ਪ੍ਰੇਖਣਾਂ ਦੇ ਸਬੰਧ ਵਿੱਚ ਪ੍ਰਾਪਤ ਹੋਈ ਉੱਤਰਮਾਲਾ ਦੀ ਛਾਣ-ਬੀਣ ਕੀਤੀ। |
| 10. | 14.10.2025 | 05 | 1. ਕਮੇਟੀ ਨੇ ਨਗਰ ਕੌਂਸਲ, ਮਾਨਸਾ ਦੇ ਆਮ ਕੰਮ-ਕਾਰ ਬਾਰੇ ਕਮੇਟੀ ਦੀ 22ਵੀਂ ਰਿਪੋਰਟ (ਸਾਲ 2020-21) ਵਿੱਚ ਦਰਜ਼ ਸਿਫ਼ਾਰਸ਼ਾਂ/ਪ੍ਰੇਖਣਾਂ ਦੇ ਸਬੰਧ ਵਿੱਚ ਪ੍ਰਾਪਤ ਹੋਈ ਉੱਤਰਮਾਲਾ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂਲੇਖਾ ਪਰੀਖਕ ਦੀ ਸੰਵਿਧਾਨ (74ਵੀਂ ਸੋਧ) ਐਕਟ, 1992 ਦੇ ਲਾਗੂ ਕਰਨ ਦੀ ਪ੍ਰਭਾਵਿਕਤਾ ਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਦਰਜ਼ ਪੈਰ੍ਹਿਆਂ ਤੇ ਵਿਚਾਰ-ਵਟਾਂਦਰਾ ਕੀਤਾ। |
| 11. | 27.11.2025 | 08 | ਕਮੇਟੀ ਨੇ ਨਗਰ ਕੌਂਸਲ, ਮਾਨਸਾ ਦੇ ਆਮ ਕੰਮ-ਕਾਰ ਬਾਰੇ ਕਮੇਟੀ ਦੀ 22ਵੀਂ ਰਿਪੋਰਟ (ਸਾਲ 2020-21) ਵਿੱਚ ਦਰਜ਼ ਸਿਫ਼ਾਰਸ਼ਾਂ/ਪ੍ਰੇਖਣਾਂ ਦੇ ਸਬੰਧ ਵਿੱਚ ਪ੍ਰਾਪਤ ਹੋਈ ਉੱਤਰਮਾਲਾ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਨੇ ਮਿਤੀ 25.09.2025, 30.09.2025, 08.10.2025 ਅਤੇ 14.10.2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਵੀ ਕੀਤੀ। |
| 12. | 24.12.2025 | 04 | 1. ਕਮੇਟੀ ਨੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂਲੇਖਾ ਪਰੀਖਕ ਦੀ ਪਾਲਣ ਲੇਖਾ ਪ੍ਰੀਖਿਆ ਰਿਪੋਰਟ-I, 31 ਮਾਰਚ, 2022 ਨੂੰ ਸਮਾਪਤ ਹੋਏ ਸਾਲ ਲਈ ਅਧਿਆਇ-6, ਪਾਲਣ ਲੇਖਾ ਨਿਰੀਖਣ ਟਿੱਪਣੀਆਂ |

| | | | |
|---|---|---|---|
| | | | (ਵਿਭਾਗ) ਵਿੱਚ ਦਰਜ਼ ਪੈਰ੍ਹਾ ਨੰ: 6.6 ਉਪਲੱਬਧ ਕੇਂਦਰੀ ਸਹਾਇਤਾ ਨਾ ਮਿਲਣਾ, ਜੋ ਕਿ ਸਥਾਨਕ ਸਰਕਾਰ ਵਿਭਾਗ ਨਾਲ ਸਬੰਧਤ ਹੈ, ਦੀ ਉੱਤਰਮਾਲਾ ਮੰਗਵਾਉਣ ਲਈ ਸਬੰਧਤ ਵਿਭਾਗ ਨੂੰ ਹਦਾਇਤ ਕੀਤੀ।<br>2. ਕਮੇਟੀ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਸਾਲ 2016 ਤੋਂ 2019 ਤੱਕ) ਵਿੱਚ ਦਰਜ਼ ਆਡਿਟ ਪੈਰ੍ਹਿਆਂ ਤੇ ਕਮੇਟੀ ਦੀ ਮਿਤੀ 30.01.2024 ਅਤੇ 31.07.2024 ਨੂੰ ਹੋਈ ਮੀਟਿੰਗ ਦੀ ਕਾਰਵਾਈ ਦੀ ਟੂਕ ਦੀ ਪ੍ਰਾਪਤ ਹੋਈ ਉੱਤਰਮਾਲਾ ਤੇ ਛਾਣ-ਬੀਣ ਕੀਤੀ।<br>3. ਕਮੇਟੀ ਨੇ ਲੁਧਿਆਣਾ ਸ਼ਹਿਰ ਦੇ ਕੁੱਝ ਮੁੱਦਿਆਂ ਬਾਰੇ, ਜਿਸ ਵਿੱਚ ਮਲਹਾਰ ਰੋਡ ਦੇ ਪ੍ਰੋਜੈਕਟ ਦੇ ਫੰਡਾਂ ਸਬੰਧੀ, ਪੰਜਾਬ ਨਿਊ ਹਾਈ ਸਕੂਲ, ਸਰਾਭਾ ਨਗਰ, ਪੰਜਾਬ ਨਿਊ ਸਕੂਲ ਗਰੀਨ ਪਾਰਕ, ਪੰਜਾਬ ਸਮਾਰਟਸਿਟੀ ਪ੍ਰੋਜੈਕਟ, ਲੁਧਿਆਣਾ ਨੂੰ ਈ-ਰਿਕਸ਼ਾ ਪਾਲਿਸੀ ਸਬੰਧੀ, ਸਿਟੀ ਸੈਂਟਰ ਮਾਮਲੇ ਸਬੰਧੀ ਅਤੇ ਮੇਰਾ ਘਰ ਮੇਰੇ ਨਾਮ ਸਕੀਮ ਤਹਿਤ ਪ੍ਰੋਜੈਕਟਾਂ ਸਬੰਧੀ ਵਿਚਾਰ-ਵਟਾਂਦਰਾ ਕਰਨ ਉਪਰੰਤ ਵਿਭਾਗ ਨੂੰ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਹਦਾਇਤ ਕੀਤੀ ਅਤੇ ਕਮੇਟੀ ਨੇ ਨਗਰ ਕੌਂਸਲ, ਡੇਰਾਬੱਸੀ ਅਤੇ ਜ਼ੀਰਕਪੁਰ ਵਿੱਚ ਨਜਾਇਜ਼ ਉਸਾਰੀਆਂ ਸਬੰਧੀ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 13. | 06.01.2026 | 05 | ਕਮੇਟੀ ਨੇ ਨਗਰ ਕੌਂਸਲ, ਡੇਰਾਬੱਸੀ, ਜ਼ਿਲ੍ਹਾ ਐਸ.ਏ.ਐਸ. ਨਗਰ, ਮੁਹਾਲੀ ਦੇ ਆਮ ਕੰਮ-ਕਾਰ ਸਬੰਧੀ ਤਾਜ਼ਾ ਸਾਲਾਨਾ ਆਡਿਟ ਰਿਪੋਰਟ (ਸਾਲ 2017 ਤੋਂ 2022 ਤੱਕ) ਦੀ ਪ੍ਰਾਪਤ ਹੋਈ ਉੱਤਰਮਾਲਾ ਵਿੱਚ ਦਰਜ਼ ਆਡਿਟ ਪੈਰ੍ਹਿਆਂ ਦੀ ਛਾਣ-ਬੀਣ ਕੀਤੀ। |
| 14. | 23.01.2026 | 04 | 1. ਕਮੇਟੀ ਨੇ ਨਗਰ ਕੌਂਸਲ, ਜ਼ੀਰਕਪੁਰ, ਐਸ. ਏ. ਐਸ. ਨਗਰ, ਮੁਹਾਲੀ ਦੇ ਆਮ ਕੰਮ-ਕਾਰ ਸਬੰਧੀ ਤਾਜ਼ਾ ਸਾਲਾਨਾ ਆਡਿਟ ਰਿਪੋਰਟ (ਸਾਲ 2017 ਤੋਂ 2019 ਤੱਕ) ਦੀ ਪ੍ਰਾਪਤ ਹੋਈ ਉੱਤਰਮਾਲਾ ਦੀ ਛਾਣਬੀਣ ਕਿਸੇ ਅਗਲੀ ਮੀਟਿੰਗ ਵਿੱਚ ਕਰਨ ਦਾ ਫੈਸਲਾ ਕੀਤਾ।<br>2. ਕਮੇਟੀ ਨੇ ਨਗਰ ਕੌਂਸਲ, ਡੇਰਾਬੱਸੀ, ਜ਼ਿਲ੍ਹਾ ਐਸ.ਏ.ਐਸ.ਨਗਰ, ਮੁਹਾਲੀ ਦੇ ਆਮ ਕੰਮ-ਕਾਰ ਸਬੰਧੀ ਤਾਜ਼ਾ ਸਾਲਾਨਾ ਆਡਿਟ ਰਿਪੋਰਟ (ਸਾਲ 2017 ਤੋਂ 2022 ਤੱਕ) ਦੀ ਪ੍ਰਾਪਤ ਹੋਈ ਉੱਤਰਮਾਲਾ ਵਿੱਚ ਦਰਜ਼ ਬਾਕੀ ਰਹਿੰਦੇ ਆਡਿਟ ਪੈਰ੍ਹਿਆਂ ਦੀ ਛਾਣ-ਬੀਣ ਕੀਤੀ ਅਤੇ ਕਮੇਟੀ ਨੇ ਮਿਤੀ 27.11.2025, 03.12.2025, 24.12.2025, 06.01.2026 ਅਤੇ 15.01.2026 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਵੀ ਕੀਤੀ। |

| | | | |
|---|---|---|---|
| 15. | 10.02.2026 | 06 | ਕਮੇਟੀ ਨੇ ਨਗਰ ਕੌਂਸਲ, ਜ਼ੀਰਕਪੁਰ, ਜ਼ਿਲ੍ਹਾ ਐਸ. ਏ. ਐਸ. ਨਗਰ, ਮੁਹਾਲੀ ਦੇ ਆਮ ਕੰਮ-ਕਾਰ ਸਬੰਧੀ ਤਾਜ਼ਾ ਸਾਲਾਨਾ ਆਡਿਟ ਰਿਪੋਰਟ (ਸਾਲ 2017 ਤੋਂ 2019 ਤੱਕ) ਦੀ ਪ੍ਰਾਪਤ ਹੋਈ ਉੱਤਰਮਾਲਾ ਵਿੱਚ ਦਰਜ਼ ਆਡਿਟ ਪੈਰ੍ਹਿਆਂ ਦੀ ਛਾਣ-ਬੀਣ ਕੀਤੀ। |
| 16. | 06.03.2026 | 07 | 1. ਕਮੇਟੀ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਸਾਲ 2016 ਤੋਂ 2019 ਤੱਕ) ਵਿੱਚ ਦਰਜ਼ ਵੱਖ-ਵੱਖ ਆਡਿਟ ਪੈਰ੍ਹਿਆਂ ਤੇ ਕਮੇਟੀ ਦੀ ਚੌਥੀ ਰਿਪੋਰਟ ਦੇ ਖਰੜੇ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਨੂੰ ਪ੍ਰਵਾਨਗੀ ਦਿੱਤੀ।<br>2. ਕਮੇਟੀ ਨੇ ਨਗਰ ਕੌਂਸਲ, ਡੇਰਾਬੱਸੀ, ਜ਼ਿਲ੍ਹਾ ਐਸ.ਏ.ਐਸ. ਨਗਰ, ਮੁਹਾਲੀ ਦੇ ਆਮ ਕੰਮ-ਕਾਰ ਸਬੰਧੀ (ਸਾਲ 2017 ਤੋਂ 2022 ਤੱਕ) ਪ੍ਰਾਪਤ ਹੋਈ ਉੱਤਰਮਾਲਾ ਵਿੱਚ ਦਰਜ਼ ਵੱਖ-ਵੱਖ ਆਡਿਟ ਪੈਰ੍ਹਿਆਂ ਤੇ ਕਮੇਟੀ ਦੀ ਪੰਜਵੀਂ ਰਿਪੋਰਟ ਦੇ ਖਰੜੇ ਤੇ ਆਪਸੀ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਨੂੰ ਪ੍ਰਵਾਨਗੀ ਦਿੱਤੀ ਅਤੇ ਕਮੇਟੀ ਨੇ ਮਿਤੀ 23.01.2026 ਅਤੇ 10.02.2026 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਵੀ ਕੀਤੀ। |

5. ਕਮੇਟੀ ਦੀਆਂ ਮਿਤੀ 16.07.2025, 18.09.2025, 03.12.2025 ਅਤੇ 15.01.2026 ਨੂੰ ਕੋਰਮ ਪੂਰਾ ਨਾ ਹੋਣ ਕਾਰਣ ਮੀਟਿੰਗਾਂ ਨਹੀਂ ਹੋ ਸਕੀਆਂ।

6. ਪੇਸ਼ ਕੀਤੀਆਂ ਗਈਆਂ ਰਿਪੋਰਟਾਂ:-

| **ਲੜੀ ਨੰ:** | **ਜਿਸ ਮਿਤੀ ਨੂੰ ਸਦਨ ਵਿੱਚ ਰਿਪੋਰਟ ਪੇਸ਼ ਕੀਤੀ ਗਈ।** | **ਰਿਪੋਰਟ ਦਾ ਵਿਸ਼ਾ** |
|---|---|---|
| 1. | 11 ਮਾਰਚ, 2026 | ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਸਾਲ 2016 ਤੋਂ 2019 ਤੱਕ) ਵਿੱਚ ਦਰਜ਼ ਵੱਖ-ਵੱਖ ਆਡਿਟ ਪੈਰ੍ਹਿਆਂ ਤੇ ਕਮੇਟੀ ਦੀ ਚੌਥੀ ਰਿਪੋਰਟ। |
| 2. | 11 ਮਾਰਚ, 2026 | ਨਗਰ ਕੌਂਸਲ, ਡੇਰਾਬੱਸੀ, ਜ਼ਿਲ੍ਹਾ ਐਸ. ਏ. ਐਸ. ਨਗਰ, (ਮੁਹਾਲੀ) (ਅਪ੍ਰੈਲ, 2017 ਤੋਂ ਮਾਰਚ, 2022 ਤੱਕ) ਦੇ ਆਮ ਕੰਮ-ਕਾਰ ਸਬੰਧੀ ਕਮੇਟੀ ਦੀ ਪੰਜਵੀਂ ਰਿਪੋਰਟ। |

----

## ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ

### ਚੋਣ ਅਤੇ ਬਣਤਰ

1. ਪੰਜਾਬ ਵਿਧਾਨ ਸਭਾ ਸਕੱਤਰੇਤ ਦੀ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 251(ਜ) ਅਧੀਨ, ਮਾਣਯੋਗ ਸਪੀਕਰ ਸਾਹਿਬ ਦੁਆਰਾ ਅਧਿਸੂਚਨਾ ਨੰ: ਸੀ.ਸੀ.ਏ.ਏ/2025-26/23, ਮਿਤੀ 19 ਮਈ, 2025 ਨੂੰ 13 ਮੈਂਬਰੀ ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਸਾਲ 2025-26 ਲਈ ਨਾਮਜ਼ਦ ਕੀਤੀ ਗਈ ਹੈ।

2. ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184 (1) ਅਧੀਨ ਮਾਣਯੋਗ ਸਪੀਕਰ ਸਾਹਿਬ ਨੇ ਸ੍ਰੀ ਸਰਵਨ ਸਿੰਘ ਧੁੰਨ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ।

3. ਕਮੇਟੀ ਨੇ ਮਾਰਚ, 2026 ਤੱਕ ਕੁੱਲ 19 ਮੀਟਿੰਗਾਂ ਕੀਤੀਆਂ□ ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਇਆ, ਉਨ੍ਹਾਂ ਦੀ ਗਿਣਤੀ ਹੇਠਾਂ ਦਰਜ ਸਾਰਣੀ ਵਿੱਚ ਦਰਸਾਈ ਗਈ ਹੈ :-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1 | ਸਰਦਾਰ ਸਰਵਨ ਸਿੰਘ ਧੁੰਨ | 17 |
| 2 | ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) | 03 |
| 3 | ਸ੍ਰੀ ਅਵਤਾਰ ਸਿੰਘ ਜੂਨੀਅਰ | 04 |
| 4 | ਡਾ. ਚਰਨਜੀਤ ਸਿੰਘ | 05 |
| 5 | ਸ੍ਰੀ ਦਿਨੇਸ਼ ਕੁਮਾਰ ਚੱਢਾ | 03 |
| 6 | ਸਰਦਾਰ ਫੌਜਾ ਸਿੰਘ | 11 |
| 7 | ਸਰਦਾਰ ਗੁਰਦੀਪ ਸਿੰਘ ਰੰਧਾਵਾ | 16 |
| 8 | ਰਾਣਾ ਇੰਦਰ ਪ੍ਰਤਾਪ ਸਿੰਘ | 10 |
| 9 | ਸ੍ਰੀ ਜਗਦੀਪ ਕੰਬੋਜ਼ ਗੋਲਡੀ | 04 |
| 10 | ਸਰਦਾਰ ਜਗਤਾਰ ਸਿੰਘ ਦਿਆਲਪੁਰਾ | 01 |
| 11 | ਸ੍ਰੀ ਨਰੇਸ਼ ਕਟਾਰੀਆ | 08 |
| 12 | ਸਰਦਾਰ ਰੁਪਿੰਦਰ ਸਿੰਘ | 09 |
| 13 | ਸਰਦਾਰ ਸੁਖਵਿੰਦਰ ਸਿੰਘ ਕੋਟਲੀ | 18 |

## 4. ਕਮੇਟੀ ਦੀਆਂ ਮੀਟਿੰਗਾਂ ਦੌਰਾਨ ਕੀਤਾ ਗਿਆ ਕੰਮ-ਕਾਰ:-

ਮੀਟਿੰਗਾਂ ਦੀਆਂ ਮਿਤੀਆਂ, ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿੱਚ ਕੀਤੇ ਗਏ ਕੰਮ-ਕਾਰ ਦਾ ਵਿਵਰਣ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਮੀਟਿੰਗ ਦੀ ਮਿਤੀ | ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ | ਕੀਤਾ ਗਿਆ ਕੰਮ-ਕਾਰ |
|---|---|---|---|
| 1. | 2. | 3. | 4. |
| 1. | 28 ਮਈ, 2025 | 04 | ਕਮੇਟੀ ਨੇ ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੇ ਕਾਰਜ-ਖੇਤਰ ਅਤੇ ਕੰਮ-ਕਾਰ ਤੇ ਆਰੰਭਿਕ ਵਿਚਾਰ-ਵਟਾਂਦਰਾ ਕੀਤਾ। |
| 2. | 4 ਜੂਨ, 2025 | 04 | ਕਮੇਟੀ ਵੱਲੋਂ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ ਦੇ ਅਧਿਕਾਰੀਆਂ ਨਾਲ ਬੈਂਕ ਵੱਲੋਂ ਕੀਤੇ ਜਾ ਰਹੇ ਕੰਮ-ਕਾਰ ਤੇ ਵਿਚਾਰ-ਵਟਾਂਦਰਾ ਕੀਤਾ । |
| 3. | 25 ਜੂਨ, 2025 | 05 | ਕਮੇਟੀ ਨੇ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ ਨਾਲ ਸਬੰਧਤ ਸਦਨ ਵਿੱਚ ਪੇਸ਼ ਕੀਤੀ ਪਹਿਲੀ ਰਿਪੋਰਟ ਵਿੱਚ ਕੀਤੀਆਂ ਸਿਫਾਰਸ਼ਾਂ ਤੇ ਸਬੰਧਤ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 4. | 02 ਜੁਲਾਈ, 2025 | 06 | 1. ਕਮੇਟੀ ਵੱਲੋਂ ਪੰਜਾਬ ਰਾਜ ਸਹਿਕਾਰੀ ਕਿਰਤ ਤੇ ਉਸਾਰੀ ਫੈਡਰੇਸ਼ਨ ਲਿਮਟਿਡ (ਲੇਬਰਫੈੱਡ) ਦੇ ਸਬੰਧਤ ਅਧਿਕਾਰੀਆਂ ਨਾਲ ਅਦਾਰੇ ਦੇ ਕੰਮ-ਕਾਰ ਸਬੰਧੀ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਆਪਣੀਆਂ ਮਿਤੀ 28 ਮਈ, 2025 ਅਤੇ 04 ਜੂਨ, 2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 5. | 09ਜੁਲਾਈ, 2025 | 06 | ਕਮੇਟੀ ਨੇ ਮਿਲਕਫੈੱਡ ਨਾਲ ਸਬੰਧਤ ਸਦਨ ਵਿੱਚ ਪੇਸ਼ ਕੀਤੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਤੇ ਕੀਤੀ ਗਈ ਕਾਰਵਾਈ ਬਾਰੇ ਸਬੰਧਤ ਵਿਭਾਗ/ਅਦਾਰੇ ਦੇ ਉੱਚ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 6. | 16 ਜੁਲਾਈ, 2025 | 05 | ਕਮੇਟੀ ਨੇ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ ਨਾਲ ਸਬੰਧਤ ਸਦਨ ਵਿੱਚ ਪੇਸ਼ ਕੀਤੀ ਦੂਸਰੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਤੇ ਕੀਤੀ ਗਈ ਕਾਰਵਾਈ ਬਾਰੇ ਸਬੰਧਤ ਵਿਭਾਗ/ਅਦਾਰੇ ਦੇ ਉੱਚ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 7. | 23 ਜੁਲਾਈ, 2025 | 08 | ਕਮੇਟੀ ਨੇ ਆਪਸੀ ਵਿਚਾਰ-ਵਟਾਂਦਰਾ ਕਰਨ ਉਪਰੰਤ ਵੇਰਕਾ ਮਿਲਕ ਪਲਾਂਟ, ਫੇਜ਼-6, ਮੋਹਾਲੀ ਦਾ ਮੌਕੇ ਤੇ ਜਾ ਕੇ ਕੰਮਾਂ ਦਾ ਅਧਿਐਨ ਕੀਤਾ। |

| | | | |
|---|---|---|---|
| 8. | 30 ਜੁਲਾਈ, 2025 | 06 | ਕਮੇਟੀ ਨੇ ਮਾਰਕਫੈੱਡ ਦੇ ਉੱਚ ਅਧਿਕਾਰੀਆਂ ਨਾਲ ਮਿਤੀ 22, 30 ਨਵੰਬਰ, 7 ਦਸੰਬਰ 2023 ਅਤੇ 30 ਜੁਲਾਈ, 2024 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੇ ਪ੍ਰਾਪਤ ਹੋਏ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 9. | 06 ਅਗਸਤ, 2025 | 05 | ਕਮੇਟੀ ਨੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਨਾਲ ਸਬੰਧਤ ਸਦਨ ਵਿੱਚ ਪੇਸ਼ ਕੀਤੀ ਦੂਸਰੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਤੇ ਕੀਤੀ ਗਈ ਕਾਰਵਾਈ ਬਾਰੇ ਸਬੰਧਤ ਅਦਾਰੇ ਦੇ ਉੱਚ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 10. | 13 ਅਗਸਤ, 2025 | 05 | 1. ਕਮੇਟੀ ਨੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਨਾਲ ਸਬੰਧਤ ਸਦਨ ਵਿੱਚ ਪੇਸ਼ ਕੀਤੀ ਦੂਸਰੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਤੇ ਕੀਤੀ ਗਈ ਕਾਰਵਾਈ ਬਾਰੇ ਸਬੰਧਤ ਅਦਾਰੇ ਦੇ ਉੱਚ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਕਮੇਟੀ ਨੇ ਦੂਸਰੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਤੇ ਕਾਰਵਾਈ ਨੂੰ ਪੈਡਿੰਗ ਰੱਖਣ ਦਾ ਫੈਸਲਾ ਕੀਤਾ।<br>2. ਕਮੇਟੀ ਨੇ ਆਪਣੀਆਂ ਮਿਤੀ 02 ਜੁਲਾਈ, 09 ਜੁਲਾਈ, 16 ਜੁਲਾਈ, 23 ਜੁਲਾਈ, 30 ਜੁਲਾਈ 2025 ਅਤੇ ਮਿਤੀ 6 ਅਗਸਤ, 2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 11. | 26 ਅਗਸਤ, 2025 | 05 | ਕਮੇਟੀ ਨੇ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ ਨਾਲ ਸਬੰਧਤ ਸਦਨ ਵਿੱਚ ਪੇਸ਼ ਕੀਤੀ ਦੂਸਰੀ ਰਿਪੋਰਟ ਵਿੱਚ ਪੈਰ੍ਹਾ ਨੰ: 7 ਅਤੇ 11 ਤੱਕ ਕੀਤੀਆਂ ਸਿਫਾਰਸ਼ਾਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਇਨ੍ਹਾਂ ਪੈਰ੍ਹਿਆਂ ਨੂੰ ਪੈਂਡਿੰਗ ਰੱਖਣ ਦਾ ਫੈਸਲਾ ਕੀਤਾ। |
| 12. | 16 ਸਤੰਬਰ, 2025 | 05 | ਕਮੇਟੀ ਨੇ ਪੰਜਾਬ ਇੰਸਟੀਚਿਊਟ ਆਫ ਕੋਆਪਰੇਟਿਵ ਟ੍ਰੇਨਿੰਗ (PICT) ਨਾਲ ਸਬੰਧਤ ਸਦਨ ਵਿੱਚ ਪੇਸ਼ ਕੀਤੀ ਦੂਸਰੀ ਰਿਪੋਰਟ ਦੇ ਪ੍ਰਾਪਤ ਹੋਏ ਉੱਤਰਾਂ ਤੇ ਸਬੰਧਤ ਵਿਭਾਗ/ਅਦਾਰੇ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 13. | 24 ਸਤੰਬਰ, 2025 | 04 | ਕਮੇਟੀ ਨੇ ਸਹਿਕਾਰੀ ਸਭਾਵਾਂ ਨਾਲ ਸਬੰਧਤ ਮਿਤੀ 16 ਜੁਲਾਈ ਅਤੇ 30 ਜੁਲਾਈ, 2025 ਨੂੰ ਹੋਈਆਂ ਮੀਟਿੰਗਾਂ ਅਤੇ ਸਦਨ ਵਿੱਚ ਪੇਸ਼ ਕੀਤੀ ਤੀਸਰੀ ਰਿਪੋਰਟ ਦੇ ਜਵਾਬ ਨਾ ਪ੍ਰਾਪਤ ਹੋਣ ਦੇ ਕਾਰਨ ਜਾਣਨ ਲਈ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 14. | 30 ਸਤੰਬਰ, 2025 | 05 | ਕਮੇਟੀ ਨੇ ਮਿਲਕਫੈੱਡ ਨਾਲ ਸਬੰਧਤ ਮਿਤੀ 23 ਜੁਲਾਈ, 2025 ਨੂੰ ਹੋਈ ਮੀਟਿੰਗ ਵਿੱਚ ਕੀਤੇ ਗਏ ਪ੍ਰੇਖਣਾਂ ਦੇ ਵਿਭਾਗ/ਅਦਾਰੇ ਵੱਲੋਂ ਪ੍ਰਾਪਤ ਉੱਤਰਾਂ ਤੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 15. | 09ਅਕਤੂਬਰ,2025 | 09 | ਕਮੇਟੀ ਨੇ ਡੀ.ਏ.ਪੀ. ਦੀ ਮੌਜੂਦਾ ਸਥਿਤੀ, ਸਪਲਾਈ, ਘਾਟ, ਸੁਸਾਇਟੀ ਵਾਈਜ਼ ਡੀ.ਏ.ਪੀ. ਦੀ ਰਿਕੁਆਇਰਮੈਂਟ/ਮੁਹੱਈਆ ਕੀਤੀ ਗਈ ਖਾਦ, ਬਕਾਇਆ ਡੀ.ਏ.ਪੀ. ਦੀ ਸਪਲਾਈ ਅਤੇ ਆਉਣ ਵਾਲੇ ਸੀਜ਼ਨ ਦੌਰਾਨ ਡੀ.ਏ.ਪੀ. ਦੀ ਮੰਗ ਦੀ ਪੂਰਤੀ ਕਰਨ ਲਈ ਤਿਆਰ ਕੀਤੇ ਪਲਾਨ ਸਬੰਧੀ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 16. | 29 ਜਨਵਰੀ, 2026 | 05 | 1. ਕਮੇਟੀ ਵੱਲੋਂ ਮਿਲਕਫੈੱਡ ਨਾਲ ਸਬੰਧਤ ਮਿਤੀ 25 ਜੂਨ, 09 ਜੁਲਾਈ ਅਤੇ 30 ਸਤੰਬਰ, 2025 ਨੂੰ ਹੋਈਆਂ ਮੀਟਿੰਗਾਂ ਅਤੇ ਸਦਨ ਵਿੱਚ ਪੇਸ਼ ਕੀਤੀ ਤੀਸਰੀ ਰਿਪੋਰਟ ਵਿੱਚ ਕਮੇਟੀ ਵੱਲੋਂ ਕੀਤੇ ਗਏ ਪ੍ਰੇਖਣਾਂ ਤੇ ਵਿਭਾਗ ਵੱਲੋਂ ਪ੍ਰਾਪਤ ਉੱਤਰਾਂ ਤੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।<br>2. ਮਿਤੀ 16 ਸਤੰਬਰ, 24 ਸਤੰਬਰ, 30 ਸਤੰਬਰ 2025 ਅਤੇ 09 ਅਕਤੂਬਰ, 2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 17. | 11 ਫਰਵਰੀ, 2026 | 06 | ਕਮੇਟੀ ਨੇ ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ ਨਾਲ ਸਬੰਧਤ ਮਿਤੀ 16 ਜੁਲਾਈ, 2025 ਨੂੰ ਹੋਈ ਮੀਟਿੰਗ ਅਤੇ ਸਦਨ ਵਿੱਚ ਪੇਸ਼ ਕੀਤੀ ਦੂਸਰੀ ਰਿਪੋਰਟ ਵਿੱਚ ਕਮੇਟੀ ਵੱਲੋਂ ਕੀਤੇ ਗਏ ਪ੍ਰੇਖਣਾਂ ਦੇ ਵਿਭਾਗ ਵੱਲੋਂ ਪ੍ਰਾਪਤ ਉੱਤਰਾਂ ਤੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 18. | 19 ਫਰਵਰੀ, 2026 | 06 | ਕਮੇਟੀ ਨੇ ਮਾਰਕਫੈੱਡ ਨਾਲ ਸਬੰਧਤ ਮਿਤੀ 30 ਜੁਲਾਈ, 30 ਸਤੰਬਰ ਅਤੇ 09 ਅਕਤੂਬਰ, 2025 ਨੂੰ ਹੋਈਆਂ ਮੀਟਿੰਗਾਂ ਵਿੱਚ ਕਮੇਟੀ ਵੱਲੋਂ ਕੀਤੇ ਗਏ ਪ੍ਰੇਖਣਾ ਦੇ ਵਿਭਾਗ/ਅਦਾਰੇ ਵੱਲੋਂ ਪ੍ਰਾਪਤ ਉੱਤਰਾਂ ਤੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 19. | 08 ਮਾਰਚ, 2026 | 06 | ਕਮੇਟੀ ਵੱਲੋਂ ਸਹਿਕਾਰਤਾ ਵਿਭਾਗ ਦੇ ਆਮ ਕੰਮ-ਕਾਰ ਸਬੰਧੀ ਸਦਨ ਵਿੱਚ ਪੇਸ਼ ਕੀਤੀ ਜਾਣ ਵਾਲੀ ਚੌਥੀ ਰਿਪੋਰਟ ਦੇ ਖਰੜੇ ਤੇ ਆਪਸੀ ਵਿਚਾਰ-ਵਟਾਂਦਰਾਂ ਕੀਤਾ ਅਤੇ ਰਿਪੋਰਟ ਵਿੱਚ ਸੋਧਾਂ ਕਰਨ ਉਪਰੰਤ ਰਿਪੋਰਟ ਦੇ ਖਰੜੇ ਨੂੰ ਪ੍ਰਵਾਨਗੀ ਦਿੱਤੀ ਗਈ ਅਤੇ ਕਮੇਟੀ ਵੱਲੋਂ ਸਭਾਪਤੀ ਨੂੰ ਸਦਨ ਵਿੱਚ ਰਿਪੋਰਟ ਪੇਸ਼ ਕਰਨ ਦਾ ਅਧਿਕਾਰ ਦਿੱਤਾ ਗਿਆ। |

5. ਚੰਡੀਗੜ੍ਹ ਤੋਂ ਬਾਹਰ ਕੀਤੀਆਂ ਗਈਆਂ ਮੀਟਿੰਗਾਂ ਦਾ ਵੇਰਵਾ:-

| ਲੜੀ ਨੰ : | ਮੀਟਿੰਗ ਦਾ ਸਥਾਨ | ਮੀਟਿੰਗ ਦੀ ਮਿਤੀ |
|---|---|---|
| 1. | ਵੇਰਕਾ ਮਿਲਕ ਪਲਾਂਟ, ਫੇਜ਼-6, ਮੋਹਾਲੀ। | 23 ਜੁਲਾਈ, 2025 |

6. ਕਮੇਟੀ ਦੀਆਂ ਮਿਤੀ 16 ਅਤੇ 29 ਅਕਤਬੂਰ, 2025 ਨੂੰ ਹੋਈਆਂ ਮੀਟਿੰਗਾਂ ਦਾ ਕੋਰਮ ਪੂਰਾ ਨਹੀਂ ਹੋਇਆ।

## ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ

### ਬਣਤਰ

1. ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 248 (1) ਅਤੇ (2) ਅਧੀਨ ਮਾਣਯੋਗ ਸਪੀਕਰ ਸਾਹਿਬ ਦੁਆਰਾ ਅਧਿਸੂਚਨਾਂ ਨੰ. 1. ਸੀ.ਏ.ਏ./2025-26/30, ਮਿਤੀ 19.05.2025 ਰਾਹੀਂ 13 ਮੈਂਬਰੀ ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਸਾਲ 2025-26 ਲਈ ਨਾਮਜ਼ਦ ਕੀਤੀ ਗਈ।

2. ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 207 ਨਾਲ ਪੜ੍ਹੇ ਜਾਂਦੇ ਨਿਯਮ 184 (1) ਅਧੀਨ ਮਾਣਯੋਗ ਸਪੀਕਰ ਸਾਹਿਬ ਦੁਆਰਾ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ ਗਿਆ।

3. ਕਮੇਟੀ ਨੇ ਸਾਲ 2025-2026 ਦੌਰਾਨ ਕੁੱਲ 16 ਮੀਟਿੰਗਾਂ ਕੀਤੀਆਂ। ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਇਆ, ਉਨ੍ਹਾਂ ਦੀ ਗਿਣਤੀ ਹੇਠ ਲਿੱਖੀ ਸਾਰਣੀ ਵਿੱਚ ਦਰਸਾਈ ਗਈ ਹੈ:-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1 | ਸ. ਗੁਰਪ੍ਰੀਤ ਸਿੰਘ ਬਨਾਂਵਾਲੀ | 21 |
| 2 | ਸ. ਚੇਤਨ ਸਿੰਘ ਜੌੜਾਮਾਜਰਾ | 07 |
| 3 | ਸ. ਗੁਰਦੀਪ ਸਿੰਘ ਰੰਧਾਵਾ | 10 |
| 4 | ਸ. ਗੁਰਦਿੱਤ ਸਿੰਘ ਸੇਖੋਂ | 15 |
| 5 | ਸ. ਹਰਮੀਤ ਸਿੰਘ ਪਠਾਨਮਾਜਰਾ | -- |
| 6 | ਸ. ਜਗਦੀਪ ਸਿੰਘ ਕਾਕਾ ਬਰਾੜ | 04 |
| 7 | ਸ. ਜਗਤਾਰ ਸਿੰਘ ਦਿਆਲਪੁਰਾ | 08 |
| 8 | ਸ. ਜਸਵੀਰ ਸਿੰਘ ਰਾਜਾ ਗਿੱਲ | 07 |
| 9 | ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ | 07 |
| 10 | ਸ. ਮਨਪ੍ਰੀਤ ਸਿੰਘ ਇਆਲੀ | 01 |
| 11 | ਸ. ਰਣਬੀਰ ਸਿੰਘ | 07 |
| 12 | ਸ. ਸੁਖਬਿੰਦਰ ਸਿੰਘ ਸਰਕਾਰੀਆ | 07 |
| 13 | ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ | 09 |

4. ਮੀਟਿੰਗਾਂ ਵਿੱਚ ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿੱਚ ਕੀਤਾ ਗਿਆ ਕੰਮ-ਕਾਰ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ. | ਮੀਟਿੰਗਾਂ ਦੀ ਮਿਤੀ | ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ | ਕੀਤਾ ਗਿਆ ਕੰਮ-ਕਾਰ |
|---|---|---|---|
| 1. | 01.07.2025 | 06 | 1. ਕਮੇਟੀ ਨੇ ਆਪਣੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ ਪ੍ਰੇਖਣਾਂ ਤੇ ਖੇਤੀਬਾੜੀ ਵਿਭਾਗ ਅਧੀਨ ਆਉਂਦੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਉੱਤਰਾਂ ਦੀ ਪੜਤਾਲ ਕਰਨ ਲਈ ਚੋਣ ਕੀਤੀ। |

| | | | |
|---|---|---|---|
| | | | 2. ਕਮੇਟੀ ਨੇ ਬਾਗਬਾਨੀ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਅਤੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਦੀ ਛਾਣ-ਬੀਣ ਕੀਤੀ। |
| 2. | 08.07.2025 | 07 | 1. ਕਮੇਟੀ ਨੇ ਸਾਲ 2022-23 ਦੀ ਪਹਿਲੀ ਰਿਪੋਰਟ ਵਿੱਚ ਦਰਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨਾਲ ਸਬੰਧਤ ਸਿਫਾਰਸ਼ਾਂ/ਪ੍ਰੇਖਣਾਂ ਤੇ ਯੂਨੀਵਰਸਿਟੀ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ ਵਟਾਂਦਰਾ ਕੀਤਾ।<br>2. ਕਮੇਟੀ ਨੇ ਸਰਕਾਰ ਵੱਲੋਂ ਤਿਆਰ ਕੀਤੀ ਗਈ ਖੇਤੀਬਾੜੀ ਨੀਤੀ ਦੇ ਖਰੜੇ ਤੇ ਪੰਜਾਬ ਸਟੇਟ ਫਾਰਮਰਜ਼ ਅਤੇ ਫਾਰਮ ਵਰਕਰਜ਼ ਕਮਿਸ਼ਨ ਦੇ ਨੁਮਾਂਇੰਦਿਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 3. | 23.07.2025 | 04 | 1. ਕਮੇਟੀ ਨੇ ਸਾਲ 2022-23 ਦੀ ਆਪਣੀ ਪਹਿਲੀ ਰਿਪੋਰਟ ਵਿੱਚ ਦਰਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨਾਲ ਸਬੰਧਤ ਸਿਫਾਰਸ਼ਾਂ/ਪ੍ਰੇਖਣਾਂ ਤੇ ਯੂਨੀਵਰਸਿਟੀ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਸਰਕਾਰ ਵਲੋਂ ਤਿਆਰ ਕੀਤੀ ਗਈ ਖੇਤੀਬਾੜੀ ਨੀਤੀ ਦੇ ਖਰੜੇ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਮੱਦੇ-ਨਜ਼ਰ ਫਲਾਂ ਅਤੇ ਸਬਜੀਆਂ ਦੀ ਸਾਂਭ ਸੰਭਾਲ ਅਤੇ ਮਾਰਕਿਟਿੰਗ ਲਈ ਪਿੰਡ ਭੂੰਗਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਲਗਾਇਆ ਗਿਆ ਪ੍ਰੋਜੈਕਟ ਅਤੇ ਡਰਿਪ ਇਰੀਗੇਸ਼ਨ ਦਾ ਨਮੂਨਾ ਦੇਖਣ ਲਈ ਦੌਰਾ ਕੀਤਾ। |
| 4. | 30.07.2025 | 06 | 1. ਕਮੇਟੀ ਨੇ ਸਾਲ 2022-23 ਦੀ ਆਪਣੀ ਪਹਿਲੀ ਰਿਪੋਰਟ ਵਿੱਚ ਦਰਜ ਬਾਗਬਾਨੀ ਵਿਭਾਗ ਨਾਲ ਸਬੰਧਤ ਸਿਫਾਰਸ਼ਾਂ/ਪ੍ਰੇਖਣਾਂ ਤੇ ਬਾਗਬਾਨੀ ਵਿਭਾਗ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਮਿਤੀ 01.07.2025 ਨੂੰ ਹੋਈ ਮੀਟਿੰਗ ਵਿੱਚ ਬਾਗਬਾਨੀ ਵਿਭਾਗ ਨੂੰ ਕੀਤੀਆਂ ਸਿਫਾਰਸ਼ਾ/ਪ੍ਰੇਖਣਾਂ ਤੇ ਵਿਭਾਗ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਦੀ ਤਾਜ਼ਾ ਸਥਿਤੀ ਜਾਨਣ ਬਾਰੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 5. | 06.08.2025 | 06 | ਕਮੇਟੀ ਨੇ ਸਾਲ 2022-23 ਦੀ ਆਪਣੀ ਪਹਿਲੀ ਰਿਪੋਰਟ ਵਿੱਚ ਦਰਜ ਬਿਜਲੀ ਵਿਭਾਗ ਨਾਲ ਸਬੰਧਤ ਸਿਫਾਰਸ਼ਾ/ਪ੍ਰੇਖਣਾਂ ਤੇ ਬਿਜਲੀ ਵਿਭਾਗ ਵੱਲੋਂ ਮੀਮੋ ਨੰਬਰ: 4/23/2021-ਓਸ-4/911, ਮਿਤੀ 28 ਸਤੰਬਰ, 2023 ਰਾਹੀਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 6. | 20.08.2025 | 08 | ਕਮੇਟੀ ਨੇ ਸਾਲ 2024-25 ਦੀ ਆਪਣੀ ਤੀਸਰੀ ਰਿਪੋਰਟ ਵਿੱਚ ਦਰਜ ਸ਼ੂਗਰ ਫੈਡ (ਸਹਿਕਾਰਤਾ) ਵਿਭਾਗ ਨਾਲ ਸਬੰਧਤ ਸਿਫਾਰਸ਼ਾਂ/ਪ੍ਰੇਖਣਾਂ ਤੇ ਸਹਿਕਾਰਤਾ ਵਿਭਾਗ ਵੱਲੋਂ ਭੇਜੇ ਗਏ ਪੱਤਰ ਨੰ. COOP-C1021/1/2020-C-1(2)/10234, ਮਿਤੀ 14.07.2025 ਨਾਲ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 7. | 17.09.2025 | 06 | 1. ਕਮੇਟੀ ਨੇ ਸਾਲ 2022-23 ਦੀ ਆਪਣੀ ਪਹਿਲੀ ਰਿਪੋਰਟ ਵਿੱਚ ਦਰਜ ਪੰਜਾਬ ਰਾਜ ਗੁਦਾਮ ਨਿਗਮ ਨਾਲ ਸਬੰਧਤ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗ ਦੇ ਪੱਤਰ ਨੰ.ਪੰ:ਰਾ:ਗੁ:ਨਿ:ਵਪਾਰ/ਵਿਧਾਨ ਸਭਾ/ਐਫ-16/5/4190/23, ਮਿਤੀ 25.09.2023 ਰਾਹੀਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਸਬੰਧੀ ਸਦਨ ਦੀ ਕਮੇਟੀ ਦੀ ਸਾਲ 2021-22 ਦੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਤੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 8. | 26.09.2025 | 07 | 1. ਕਮੇਟੀ ਨੇ ਸਾਲ 2022-23 ਦੀ ਆਪਣੀ ਪਹਿਲੀ ਰਿਪੋਰਟ ਵਿੱਚ ਦਰਜ ਮੁੱਖ ਭੂਮੀ ਪਾਲ ਨਾਲ ਸਬੰਧਤ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗ ਦੇ ਪੱਤਰ ਨੰ. 8285/ ਪਲੈਨਿੰਗ ਸ਼ਾਖਾ, ਮਿਤੀ 04.07.2023 ਰਾਹੀਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਮਿਤੀ 08 ਅਗਸਤ, 2023 ਨੂੰ ਹੋਈ ਮੀਟਿੰਗ ਵਿੱਚ ਪੰਜਾਬ ਰਿਮੋਟ ਸੈਂਸਿੰਗ ਸੈਂਟਰ, ਲੁਧਿਆਣਾ ਨਾਲ ਸਬੰਧਤ ਸਿਫਾਰਸ਼ਾਂ/ ਪ੍ਰੇਖਣਾਂ ਤੇ ਵਿਭਾਗ ਵੱਲੋਂ ਪੱਤਰ ਨੰ. 9033/ ਪਲੈਨਿੰਗ ਸ਼ਾਖਾ, ਮਿਤੀ 31.08.2023 ਰਾਹੀ ਪ੍ਰਾਪਤ ਹੋਏ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 9. | 13.11.2025 | 05 | ਕਮੇਟੀ ਦੁਆਰਾ ਕੀਤੀਆਂ ਗਈਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗ ਦੇ ਵੱਖ-ਵੱਖ ਅਦਾਰਿਆਂ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 10. | 18.11.2025 | 06 | 1. ਕਮੇਟੀ ਨੇ ਮਿਤੀ 23 ਜੁਲਾਈ, 2025 ਨੂੰ ਹੋਈ ਆਪਣੀ ਮੀਟਿੰਗ ਵਿੱਚ ਬਾਗਬਾਨੀ ਵਿਭਾਗ ਨਾਲ ਸਬੰਧਤ ਕੀਤੀਆਂ ਗਈਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗ ਦੇ ਪੱਤਰ ਨੰ. 20716/ ਵਿਧਾਨ/ਲੋਕ/ ਰਾਜ ਸਭਾ/ਟੀ.ਏ., ਮਿਤੀ 11.11.2025 ਰਾਹੀਂ ਅਤੇ ਮਿਤੀ 30 ਜੁਲਾਈ, 2025 ਨੂੰ ਹੋਈ ਮੀਟਿੰਗ ਵਿੱਚ ਬਾਗਬਾਨੀ ਵਿਭਾਗ ਨਾਲ ਸਬੰਧਤ ਸਿਫਾਰਸ਼ਾਂ/ ਪ੍ਰੇਖਣਾਂ ਤੇ |

| | | | |
|---|---|---|---|
| | | | ਵਿਭਾਗ ਦੇ ਪੱਤਰ ਨੰ. 20414/ਵਿਧਾਨ/ਲੋਕ/ਰਾਜ ਸਭਾ/ ਟੀ.ਏ., ਮਿਤੀ 06.11.2025 ਰਾਹੀਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਮਿਤੀ 28.05.2025, 24.06.2025, 01.07.2025, 08.07.2025, 23.07.2025, 30.07.2025, 06.08.2025, 20.08.2025, 27.08.2025, 17.09.2025, 26.09.2025 ਅਤੇ 08.10.2025 ਨੂੰ ਹੋਈਆਂ ਆਪਣੀਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 11. | 24.12.2025 | 04 | ਕਮੇਟੀ ਨੇ ਆਪਣੀ ਤੀਸਰੀਂ ਰਿਪੋਰਟ (ਸਾਲ 2024-25) ਵਿੱਚ ਸਹਿਕਾਰਤਾ/ਸ਼ੂਗਰਫੈਡ ਵਿਭਾਗ ਨੂੰ ਕੀਤੀਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਬਾਰੇ ਵਿਭਾਗੀ ਪ੍ਰਤੀਨਿਧੀਆਂ ਦੀ ਮੌਖਿਕ ਪ੍ਰੀਖਿਆਂ ਕੀਤੀ। |
| 12. | 20.01.2026 | 06 | 1. ਕਮੇਟੀ ਨੇ ਡਾ. ਅਜਮੇਰ ਸਿੰਘ ਢੱਟ, ਡਾਇਰੈਕਟਰ ਆਫ ਰਿਸਰਚ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮਿਤੀ 04.08.2023 ਨੂੰ ਈ-ਮੇਲ ਰਾਹੀਂ ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਸਾਲ 2022-23 ਦੀ ਆਪਣੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਦੇ ਸਬੰਧ ਵਿੱਚ ਪ੍ਰਾਪਤ ਹੋਏ ਉੱਤਰਾਂ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਮਿਤੀ 13.11.2025, 18.11.2025, 24.12.2025 ਅਤੇ 07.01.2026 ਨੂੰ ਹੋਈਆਂ ਆਪਣੀਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 13. | 28.01.2026 | 05 | 1. ਕਮੇਟੀ ਨੇ ਮਿਤੀ 17.09.2025 ਨੂੰ ਹੋਈ ਮੀਟਿੰਗ ਵਿੱਚ ਕੀਤੀਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਪੰਜਾਬ ਰਾਜ ਗੁਦਾਮ ਨਿਗਮ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਮਿਤੀ 01.07.2025 ਨੂੰ ਹੋਈ ਮੀਟਿੰਗ ਵਿੱਚ ਕੀਤੀਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 14. | 04.02.2026 | 04 | 1. ਕਮੇਟੀ ਨੇ ਸਾਲ 2024-25 ਦੀ ਆਪਣੀ ਤੀਸਰੀ ਰਿਪੋਰਟ ਵਿੱਚ ਦਰਜ ਕੀਤੀਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਮਿਤੀ 24.12.2025 ਨੂੰ ਹੋਈ ਮੀਟਿੰਗ ਵਿੱਚ ਕੀਤੀਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਖੋਜ ਨਿਰਦੇਸ਼ਾਲਾ, ਪੰਜਾਬ ਖੇਤੀਬਾੜੀ |

| | | | |
|---|---|---|---|
| | | | ਯੂਨੀਵਰਸਿਟੀ, ਲੁਧਿਆਣਾ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>3. ਕਮੇਟੀ ਨੇ ਮਿਤੀ 20.01.2026 ਅਤੇ 28.01.2026 ਨੂੰ ਹੋਈਆਂ ਆਪਣੀਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 15. | 18.02.2026 | 04 | 1. ਕਮੇਟੀ ਨੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਸਬੰਧੀ ਸਦਨ ਦੀ ਕਮੇਟੀ ਦੀ ਸਾਲ 2021-22 ਦੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਤੇ ਜਲ ਸਰੋਤ ਵਿਭਾਗ ਦੇ ਪੱਤਰ ਨੰ. E-909288 PJ3/1/1112346/2025, ਮਿਤੀ 28.05.2025/06.06.2025 ਰਾਹੀਂ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪੱਤਰ ਨੰ. WSSD-BR209/19/2021-5BR2/1462, ਮਿਤੀ 21.07.2025 ਰਾਹੀਂ ਪ੍ਰਾਪਤ ਹੋਏ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ।<br>2. ਕਮੇਟੀ ਨੇ ਮਿਤੀ 04.02.2026 ਨੂੰ ਹੋਈ ਆਪਣੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 16. | 06.03.2026 | 08 | ਕਮੇਟੀ ਨੇ ਸਾਲ 2025-26 ਦੀ ਚੌਥੀ ਰਿਪੋਰਟ ਦੇ ਖਰੜੇ ਤੇ ਆਪਸੀ ਵਿਚਾਰ-ਵਟਾਂਦਰਾ ਕਰਨ ਉਪਰੰਤ ਰਿਪੋਰਟ ਨੂੰ ਪ੍ਰਵਾਨਗੀ ਦਿੱਤੀ। |

5. ਕਮੇਟੀ ਦੀਆਂ ਚੰਡੀਗੜ੍ਹ ਤੋਂ ਬਾਹਰ ਹੋਈਆਂ ਮੀਟਿੰਗਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਪਿੰਡ ਭੂੰਗਾ, ਜ਼ਿਲ੍ਹਾ ਹੁਸ਼ਿਆਰਪੁਰ : ਮਿਤੀ 23.07.2025

6. ਕਮੇਟੀ ਦੁਆਰਾ ਪੇਸ਼ ਕੀਤੀ ਗਈ ਰਿਪੋਰਟ:-

| **ਲੜੀ ਨੰ :** | **ਜਿਸ ਮਿਤੀ ਨੂੰ ਰਿਪੋਰਟ ਪੇਸ਼ ਕੀਤੀ ਗਈ** | **ਰਿਪੋਰਟ ਦਾ ਵਿਸ਼ਾ** |
|---|---|---|
| 1. | 12 ਮਾਰਚ, 2026 | ਕਮੇਟੀ ਨੇ ਖੇਤਾਬਾੜੀ ਵਿਭਾਗ, ਬਾਗਬਾਨੀ ਵਿਭਾਗ/ ਸਿਟਰਸ ਅਸਟੇਟ ਸੋਸਾਇਟੀ, ਪਿੰਡ ਭੂੰਗਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਸਟੇਟ ਫਾਰਮਰਜ਼ ਅਤੇ ਫਾਰਮਰਜ਼ ਵਰਕਸ ਕਮਿਸ਼ਨ, ਬਿਜਲੀ ਵਿਭਾਗ, ਸਹਿਕਾਰਤਾ/ਸ਼ੂਗਰਫੈੱਡ ਦੇ ਵਿਭਾਗ, ਪੰਜਾਬ ਰਾਜ ਗੁਦਾਮ ਨਿਗਮ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੇ ਰਿਪੋਰਟ ਪੇਸ਼ ਕੀਤੀ। |

7. ਕਮੇਟੀ ਦੀਆਂ 05 ਮੀਟਿੰਗਾਂ ਦਾ ਕੋਰਮ ਪੂਰਾ ਨਹੀਂ ਹੋਇਆ।

**ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ**

**ਬਣਤਰ**

1. ਪੰਜਾਬ ਵਿਧਾਨ ਸਭਾ ਦੇ ਬਜਟ ਸਮਾਗਮ ਦੌਰਾਨ ਮਿਤੀ 28 ਜੂਨ, 2022 ਨੂੰ ਬੁੱਢਾ ਦਰਿਆ ਅਤੇ ਮਿਤੀ 30 ਜੂਨ, 2022 ਨੂੰ ਘੱਗਰ ਦਰਿਆ ਦੇ ਗੰਦੇ ਪਾਣੀ ਦਾ ਮਾਮਲਾ ਸਦਨ ਅੰਦਰ ਉਠਾਇਆ ਗਿਆ ਸੀ ਅਤੇ ਸਦਨ ਦੁਆਰਾ ਮਾਣਯੋਗ ਸਪੀਕਰ ਸਾਹਿਬ ਨੂੰ ਦੋਨੋਂ ਮਾਮਲਿਆਂ ਦੀ ਛਾਣ-ਬੀਣ ਕਰਨ ਲਈ ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਦਾ ਗਠਨ ਕਰਨ ਦਾ ਅਧਿਕਾਰ ਦਿੱਤਾ ਗਿਆ, ਜਿਸ ਦੀ ਪੈਰਵੀ ਵਿਚ ਮਾਣਯੋਗ ਸਪੀਕਰ ਸਾਹਿਬ ਵੱਲੋਂ ਮਿਤੀ 19 ਜੁਲਾਈ, 2022 ਨੂੰ ਸਦਨ ਦੀ 08 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦੀ ਅਧਿਸੂਚਨਾ ਨੰ. 01-ਏ/ਸੀ.ਏ.ਏ./2022-23/44, ਮਿਤੀ 25 ਜੁਲਾਈ, 2022 ਨੂੰ ਕੀਤੀ ਗਈ ।

2. ਮਾਣਯੋਗ ਸਪੀਕਰ ਸਾਹਿਬ ਨੇ ਸਰਦਾਰ ਦਲਜੀਤ ਸਿੰਘ ਭੋਲਾ, ਐਮ.ਐਲ.ਏ. ਨੂੰ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ।

3. ਕਮੇਟੀ ਨੇ ਸਾਲ 2022-2026 ਦੌਰਾਨ ਕੁੱਲ 43 ਮੀਟਿੰਗਾਂ ਕੀਤੀਆਂ। ਮੈਂਬਰਾਂ ਦੇ ਨਾਂ ਅਤੇ ਹਰ ਇੱਕ ਮੈਂਬਰ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਇਆ, ਉਨ੍ਹਾਂ ਦੀ ਗਿਣਤੀ ਹੇਠ ਲਿੱਖੀ ਸਾਰਣੀ ਵਿੱਚ ਦਰਸਾਈ ਗਈ ਹੈ:-

| ਲੜੀ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਮੈਂਬਰ ਹਾਜ਼ਰ ਹੋਏ |
|---|---|---|
| 1. | ਸ. ਦਲਜੀਤ ਸਿੰਘ ਭੋਲਾ | 43 |
| 2. | * ਸ੍ਰੀ ਅਸ਼ੋਕ ਪਰਾਸ਼ਰ (ਪੱਪੀ) | 29 |
| 3. | * ਸ੍ਰੀ ਬਰਿੰਦਰ ਕੁਮਾਰ ਗੋਇਲ | 25 |
| 4. | *ਸ੍ਰੀ ਗੁਰਪ੍ਰੀਤ ਬੱਸੀ ਗੋਗੀ | 06 |
| 5. | ਸ. ਗੁਰਪ੍ਰੀਤ ਸਿੰਘ ਬਨਾਂਵਲੀ | 22 |
| 6. | *ਸ. ਹਰਦੀਪ ਸਿੰਘ ਮੁੰਡੀਆਂ | 21 |
| 7. | *ਸ. ਕੁਲਜੀਤ ਸਿੰਘ ਰੰਧਾਵਾ | 33 |
| 8. | *ਸ. ਕੁਲਵੰਤ ਸਿੰਘ ਬਾਜੀਗਰ | 04 |
| 9. | ਸ. ਕੁਲਵੰਤ ਸਿੰਘ ਸਿੱਧੂ | 26 |
| 10. | ਸ੍ਰੀ ਮਦਨ ਲਾਲ ਬੱਗਾ | 30 |
| 11. | ਸ. ਮਨਪ੍ਰੀਤ ਸਿੰਘ ਇਯਾਲੀ | 04 |
| 12. | ਸ੍ਰੀ ਸੰਦੀਪ ਜਾਖੜ | 08 |

4. ਮਾਣਯੋਗ ਸਪੀਕਰ ਸਾਹਿਬ ਵੱਲੋਂ ਮਿਤੀ 09 ਅਗਸਤ, 2022 ਨੂੰ *ਸ਼੍ਰੀ ਅਸ਼ੋਕ ਪਰਾਸ਼ਰ (ਪੱਪੀ) ਐਮ.ਐਲ.ਏ. ਅਤੇ *ਸ. ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ. ਨੂੰ ਵੀ ਕਮੇਟੀ ਦੇ ਮੈਂਬਰ ਵਜੋਂ ਨਾਮਜ਼ਦ ਕੀਤਾ, ਜਿਸ ਦੀ ਅਧਿਸੂਚਨਾ ਨੰ. 01-ਏ/ਸੀ.ਏ.ਏ./2022-23/46, ਮਿਤੀ 10 ਅਗਸਤ, 2022 ਨੂੰ ਕੀਤੀ ਗਈ।

5. ਮਾਣਯੋਗ ਸਪੀਕਰ ਸਾਹਿਬ ਵੱਲੋਂ ਮਿਤੀ 17 ਜਨਵਰੀ, 2023 ਨੂੰ *ਸ਼੍ਰੀ ਗੁਰਪ੍ਰੀਤ ਬੱਸੀ ਗੋਗੀ, ਐਮ.ਐਲ.ਏ. ਨੂੰ ਵੀ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ, ਜਿਸ ਦੀ ਅਧਿਸੂਚਨਾ ਨੰ. 01-ਏ/ਸੀ.ਏ.ਏ./2022-23/03, ਮਿਤੀ 18 ਜਨਵਰੀ, 2023 ਨੂੰ ਕੀਤੀ ਗਈ ।

*ਸ਼੍ਰੀ ਗੁਰਪ੍ਰੀਤ ਸਿੰਘ ਬੱਸੀ ਗੋਗੀ, ਐਮ.ਐਲ.ਏ. ਮੈਂਬਰ ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਦੇ ਮਿਤੀ 11 ਜਨਵਰੀ, 2025 ਨੂੰ ਅਕਾਲ ਚਲਾਣਾ ਕਰ ਜਾਣ ਕਾਰਨ ਉਨ੍ਹਾਂ ਦੀ ਸੀਟ ਖਾਲ੍ਹੀ ਹੋ ਗਈ ਸੀ।

6. ਮਾਣਯੋਗ ਸਪੀਕਰ ਸਾਹਿਬ ਵੱਲੋਂ ਮਿਤੀ 30 ਮਈ, 2023 ਨੂੰ *ਸ਼੍ਰੀ ਕੁਲਵੰਤ ਸਿੰਘ ਬਾਜੀਗਰ, ਐਮ.ਐਲ.ਏ. ਨੂੰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ, ਜਿਸ ਦੀ ਅਧਿਸੂਚਨਾ ਨੰ. 01-ਏ/ਸੀ.ਏ.ਏ./2022-23/16, ਮਿਤੀ 02 ਜੂਨ, 2023 ਨੂੰ ਕੀਤੀ ਗਈ।

7. ਮਾਣਯੋਗ ਸਪੀਕਰ ਸਾਹਿਬ ਵੱਲੋਂ ਕਮੇਟੀ ਦੀ ਸਿਫ਼ਾਰਸ਼ ਤੇ ਮਿਤੀ 13 ਜੂਨ, 2023 ਨੂੰ ਬੁੱਢਾ ਨਾਲਾ ਅਤੇ ਘੱਗਰ ਨਦੀ ਦੇ ਮਾਮਲਿਆਂ ਸਬੰਧੀ ਕਮੇਟੀ ਦਾ ਨਾਮ ਬਦਲ ਕੇ "ਬੁੱਢਾ ਦਰਿਆ ਅਤੇ ਘੱਗਰ ਨਦੀ ਦੇ ਮਾਮਲਿਆਂ ਸਬੰਧੀ ਕਮੇਟੀ" ਰੱਖਣ ਦੇ ਹੁਕਮ ਕੀਤੇ ਗਏ, ਜਿਸ ਦੀ ਅਧਿਸੂਚਨਾ ਨੰ. 01-ਏ/ਸੀ.ਏ.ਏ./2022-23/33, ਮਿਤੀ 15 ਜੂਨ, 2023 ਨੂੰ ਕੀਤੀ ਗਈ।

8. ਮਾਣਯੋਗ ਸਪੀਕਰ ਸਾਹਿਬ ਵੱਲੋਂ ਕਮੇਟੀ ਦੀ ਸਿਫ਼ਾਰਸ਼ ਤੇ ਮਿਤੀ 26 ਜੂਨ, 2023 ਨੂੰ ਬੁੱਢਾ ਦਰਿਆ ਅਤੇ ਘੱਗਰ ਨਦੀ ਦੇ ਮਾਮਲਿਆਂ ਸਬੰਧੀ ਕਮੇਟੀ ਦਾ ਨਾਮ ਬਦਲ ਕੇ "ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ" ਰੱਖਣ ਦੇ ਹੁਕਮ ਕੀਤੇ ਗਏ, ਜਿਸ ਦੀ ਅਧਿਸੂਚਨਾ ਨੰ. 01-ਏ/ਸੀ.ਏ.ਏ./2022-23/39, ਮਿਤੀ 28 ਜੂਨ, 2023 ਨੂੰ ਕੀਤੀ ਗਈ ।

9. ਪੰਜਾਬ ਵਿਧਾਨ ਸਭਾ ਦੀ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 180(01) ਅਧੀਨ *ਸ਼੍ਰੀ ਬਰਿੰਦਰ ਕੁਮਾਰ ਗੋਇਲ, ਐਮ.ਐਲ.ਏ. ਅਤੇ *ਸ. ਹਰਦੀਪ ਸਿੰਘ ਮੁੰਡੀਆਂ, ਐਮ.ਐਲ.ਏ. ਦੇ ਮਿਤੀ 23 ਸਤੰਬਰ, 2024 ਨੂੰ ਕੈਬਨਿਟ ਮੰਤਰੀ ਬਣ ਜਾਣ ਕਰਕੇ ਉਹ ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਦੇ ਮੈਂਬਰ ਨਹੀਂ ਰਹੇ, ਜਿਸ ਦੀ ਅਧਿਸੂਚਨਾ ਨੰ. 01-ਸੀ.ਬੀ.ਜੀ-2024-25/43, ਮਿਤੀ 08 ਅਕਤੂਬਰ, 2024 ਨੂੰ ਕੀਤੀ ਗਈ।

10. ਕੀਤੀਆਂ ਗਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਰ:-

ਮੀਟਿੰਗਾਂ ਦੀ ਮਿਤੀ, ਮੀਟਿੰਗ ਵਿੱਚ ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ ਅਤੇ ਹਰ ਇੱਕ ਮੀਟਿੰਗ ਵਿੱਚ ਕੀਤਾ ਗਿਆ ਕੰਮ-ਕਾਰ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ.** | **ਮੀਟਿੰਗ ਦੀ ਮਿਤੀ** | **ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ** | **ਕੀਤਾ ਗਿਆ ਕੰਮ-ਕਾਰ** |
|---|---|---|---|
| 1. | 01.08.2022 | 06 | ਕਮੇਟੀ ਨੇ ਸ਼੍ਰੀ ਕ੍ਰਿਸ਼ਨ ਕੁਮਾਰ, ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਜਲ ਸਰੋਤ ਵਿਭਾਗ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 2. | 08.08.2022 | 06 | ਕਮੇਟੀ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਸਥਾਨਕ ਸਰਕਾਰ ਵਿਭਾਗ, ਸਾਇੰਸ ਤਕਨੋਲੋਜੀ ਅਤੇ ਵਾਤਾਵਰਣ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 3. | 22.08.2022 | 05 | ਕਮੇਟੀ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਸਥਾਨਕ ਸਰਕਾਰ ਵਿਭਾਗ ਅਤੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 4. | 01.09.2022 | 06 | ਕਮੇਟੀ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਸਥਾਨਕ ਸਰਕਾਰਾਂ ਵਿਭਾਗ, ਜਲ ਸਰੋਤ ਵਿਭਾਗ, ਸਾਇੰਸ ਤਕਨੋਲੋਜੀ ਅਤੇ ਵਾਤਾਵਰਣ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 5. | 09.09.2022 | 07 | ਕਮੇਟੀ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਸਥਾਨਕ ਸਰਕਾਰ ਵਿਭਾਗ, ਜਲ ਸਰੋਤ ਵਿਭਾਗ, ਸਾਇੰਸ ਤਕਨੋਲੋਜੀ ਅਤੇ ਵਾਤਾਵਰਣ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 6. | 19.09.2022 | 05 | ਕਮੇਟੀ ਨੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਸੋਆਇਲ ਐਂਡ ਵਾਟਰ ਕੰਜਰਵੇਸ਼ਨ ਵਿਭਾਗ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਸਥਾਨਕ ਸਰਕਾਰ ਵਿਭਾਗ, ਜਲ ਸਰੋਤ ਵਿਭਾਗ, ਸਾਇੰਸ ਤਕਨੋਲੋਜੀ ਅਤੇ ਵਾਤਾਵਰਣ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 7. | 12.10.2022 | 05 | ਕਮੇਟੀ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਜਲ ਸਰੋਤ ਵਿਭਾਗ, ਸਾਇੰਸ ਤਕਨੋਲੋਜੀ ਅਤੇ ਵਾਤਾਵਰਣ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 8. | 09.11.2022 | 06 | ਕਮੇਟੀ ਵੱਲੋਂ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਸਥਾਨਕ ਸਰਕਾਰਾਂ ਵਿਭਾਗ ਅਤੇ ਸਾਇੰਸ ਤਕਨੋਲੋਜੀ ਅਤੇ ਵਾਤਾਵਰਣ ਵਿਭਾਗ ਵੱਲੋਂ ਆਏ ਪੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ । |
| 9. | 05.12.2022 | 05 | ਕਮੇਟੀ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਮਿਊਂਸੀਪਲ ਕਾਰਪੋਰੇਸ਼ਨ, ਲੁਧਿਆਣਾ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ |

| | | | |
|---|---|---|---|
| | | | ਕੀਤਾ ਅਤੇ ਮਾਲ ਵਿਭਾਗ ਅਤੇ ਸੁਆਇਲ ਐਂਡ ਵਾਟਰ ਕੰਜਰਵੇਸ਼ਨ ਵਿਭਾਗ ਨਾਲ ਸਬੰਧਤ ਕਮੇਟੀ ਲਈ ਨੋਡਲ ਅਫ਼ਸਰ ਲਗਾਉਣ ਦੀ ਸਿਫਾਰਸ਼ ਕੀਤੀ। |
| 10. | 12.12.2022 | 08 | ਕਮੇਟੀ ਨੇ ਮੀਟਿੰਗ ਵਿੱਚ ਮਿਊਂਸੀਪਲ ਕਾਰਪੋਰੇਸ਼ਨ, ਲੁਧਿਆਣਾ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ । |
| 11. | 19.12.2022 | 06 | ਕਮੇਟੀ ਨੇ ਮੀਟਿੰਗ ਵਿੱਚ ਜਲ ਸਰੋਤ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ । |
| 12. | 09.01.2023 | 05 | ਕਮੇਟੀ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਜਲ ਸਰੋਤ ਵਿਭਾਗ, ਸਾਇੰਸ ਤਕਨੋਲੋਜੀ ਅਤੇ ਵਾਤਾਵਰਣ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨਾਲ ਬੁੱਢੇ ਨਾਲੇ ਅਤੇ ਘੱਗਰ ਦਰਿਆ ਦੀ ਸਫਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 13. | 16.01.2023 | 07 | ਕਮੇਟੀ ਨੇ ਮਾਲ ਵਿਭਾਗ, ਨਗਰ ਨਿਗਮ, ਲੁਧਿਆਣਾ, ਜਲ ਸਰੋਤ ਵਿਭਾਗ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 14. | 13.02.2023 | 05 | ਕਮੇਟੀ ਨੇ ਮਾਲ ਵਿਭਾਗ, ਨਗਰ ਨਿਗਮ, ਲੁਧਿਆਣਾ, ਜਲ ਸਰੋਤ ਵਿਭਾਗ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਜ਼ਿਲ੍ਹਾ ਪ੍ਰਸ਼ਾਸਨ, ਲੁਧਿਆਣਾ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 15. | 24.02.2023 | 05 | ਕਮੇਟੀ ਨੇ ਜਲ ਸਰੋਤ ਵਿਭਾਗ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨਾਲ ਪਿੰਡ ਖਨੌਰੀ ਮੰਡਵੀ ਅਤੇ ਮਕਰੋੜ ਸਾਹਿਬ, ਜ਼ਿਲ੍ਹਾ ਸੰਗਰੂਰ ਵਿਖੇ ਘੱਗਰ ਨਦੀ ਦਾ ਮੌਕੇ ਤੇ ਅਧਿਐਨ ਕਰਨ ਉਪਰੰਤ ਯੂਨਿਵਰਸਿਟੀ ਕਾਲਜ, ਮੂਨਕ, ਜ਼ਿਲ੍ਹਾ ਸੰਗਰੂਰ ਵਿਖੇ ਮੀਟਿੰਗ ਕਰਕੇ ਵਿਚਾਰ-ਵਟਾਂਦਰਾ ਕੀਤਾ। |
| 16. | 02.03.2023 | 08 | ਕਮੇਟੀ ਵੱਲੋਂ ਮਿਤੀ 02-03-2023 ਨੂੰ ਮੀਟਿੰਗ ਵਿੱਚ ਬੁੱਢੇ ਨਾਲੇ ਅਤੇ ਘੱਗਰ ਨਦੀ ਦੇ ਮਾਮਲਿਆਂ ਸਬੰਧੀ ਕਮੇਟੀ ਦੀ ਸਾਲ 2022-23 ਦੀ ਅੰਤਰਿਮ ਰਿਪੋਰਟ ਦੇ ਖਰੜੇ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 17. | 16.05.2023 | 07 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਆਏ ਪੱਤਰਾਂ/ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 18. | 24.05.2023 | 06 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਆਏ ਪੱਤਰਾਂ/ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ । |
| 19. | 31.05.2023 | 03 | ਕਮੇਟੀ ਨੇ ਰੈਸਟ ਹਾਊਸ, ਮੁਬਾਰਕਪੁਰ, ਤਹਿ: ਡੇਰਾਬੱਸੀ, ਜ਼ਿਲ੍ਹਾ ਮੋਹਾਲੀ ਵਿਖੇ ਮੀਟਿੰਗ ਕਰਨ ਉਪਰੰਤ ਬਲਟਾਨਾ, ਡੇਰਾਬੱਸੀ, ਪਿੰਡ ਬ੍ਰਹਮਪੁਰਾ ਇਬਰਾਹਿਮ ਅਤੇ ਪਿੰਡ ਬੋਹਰਾ/ਬੋਹੜੀ, ਜ਼ਿਲ੍ਹਾ ਮੋਹਾਲੀ ਵਿਖੇ ਘੱਗਰ ਦਰਿਆ ਦਾ ਦੌਰਾ ਕੀਤਾ। |
| 20. | 08.06.2023 | 05 | ਕਮੇਟੀ ਨੇ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਬੁਲਾਏ ਗਏ ਸੰਤ ਬਲਬੀਰ ਸਿੰਘ ਸੀਚੇਵਾਲ, ਮੈਂਬਰ ਰਾਜ ਸਭਾ ਅਤੇ ਵੱਖ-ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ ਨਾਲ ਬੁੱਢਾ ਦਰਿਆ ਦੀ ਸਫਾਈ ਹਿੱਤ ਵਿਚਾਰ-ਵਟਾਂਦਰਾ ਕੀਤਾ ਅਤੇ ਇਸ ਉਪਰੰਤ ਕਮੇਟੀ ਨੇ ਸੀਵਰੇਜ ਟਰੀਟਮੈਂਟ ਪਲਾਂਟ, ਜਮਾਲਪੁਰ, ਜੇਲ੍ਹ ਰੋਡ ਅਤੇ ਬਹਾਦੁਰ-ਕੇ-ਰੋਡ ਦਾ ਦੌਰਾ ਕੀਤਾ। |
| 21. | 22.06.2023 | 06 | ਕਮੇਟੀ ਨੇ ਵਿੱਚ ਵੱਖ-ਵੱਖ ਵਿਭਾਗਾਂ ਤੋਂ ਆਏ ਪੱਤਰਾਂ/ਉੱਤਰਾਂ ਦੀ ਛਾਣਬੀਣ ਕੀਤੀ। |
| 22. | 22.08.2023 | 08 | ਕਮੇਟੀ ਨੇ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਘੱਗਰ ਦਰਿਆ ਦੇ ਮੌਜੂਦਾ ਹਲਾਤਾਂ ਤੇ ਵਿਚਾਰ-ਵਟਾਂਦਰਾ ਕੀਤਾ । |
| 23. | 29.08.2023 | 06 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੁੱਢਾ ਦਰਿਆ ਦੇ ਮੌਜੂਦਾ ਹਲਾਤਾਂ ਤੇ ਵਿਚਾਰ-ਵਟਾਂਦਰਾ ਕੀਤਾ । |
| 24. | 06.09.2023 | 07 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਪੱਤਰਾਂ/ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 25. | 26.10.2023 | 05 | ਕਮੇਟੀ ਨੇ ਮਾਣਯੋਗ ਸਪੀਕਰ ਸਾਹਿਬ ਵੱਲੋਂ ਹੋਏ ਹੁਕਮਾਂ ਅਨੁਸਾਰ ਕਮੇਟੀ ਦੀ ਮੀਟਿੰਗ ਵਿੱਚ ਉਚੇਚੇ ਤੌਰ ਤੇ ਬੁਲਾਏ ਗਏ ਸੰਤ ਬਲਵੀਰ ਸਿੰਘ ਸੀਚੇਵਾਲ, ਮੈਂਬਰ ਰਾਜ ਸਭਾ ਅਤੇ ਵੱਖ-ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ ਨਾਲ ਬੁੱਢੇ ਦਰਿਆ ਵਿੱਚ ਵੱਧ ਰਹੇ ਪ੍ਰਦੂਸ਼ਣ ਤੇ ਵਿਚਾਰ-ਵਟਾਂਦਰਾ ਕੀਤਾ। |
| 26. | 09.11.2023 | 07 | ਕਮੇਟੀ ਨੇ ਮਾਣਯੋਗ ਸਪੀਕਰ ਦੇ ਹੁਕਮਾਂ ਅਨੁਸਾਰ ਜਮਾਲਪੁਰ, ਜ਼ਿਲ੍ਹਾ ਲੁਧਿਆਣਾ ਵਿਖੇ ਹੋਈ ਮੀਟਿੰਗ ਵਿੱਚ ਬੁੱਢੇ ਦਰਿਆ ਵਿੱਚ ਵੱਧ ਰਹੇ ਪ੍ਰਦੂਸ਼ਣ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਤਾਜਪੁਰ ਤੋਂ ਸ਼ੁਰੂ ਹੋ ਕੇ ਬੁੱਢੇ ਦਰਿਆ ਦਾ 4 ਕਿਲੋਮੀਟਰ ਤੱਕ ਮੌਕੇ ਤੇ ਅਧਿਐਨ ਕੀਤਾ। |
| 27. | 08.12.2023 | 04 | ਕਮੇਟੀ ਨੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਪੱਤਰਾਂ/ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 28. | 14.12.2023 | 04 | ਕਮੇਟੀ ਨੇ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ ਨਾਲ ਨਗਰ ਕੌਂਸਲ ਜੀਰਕਪੁਰ, ਜ਼ਿਲ੍ਹਾ ਮੋਹਾਲੀ ਵੱਲੋਂ ਅਨਟਰੀਟਡ ਪਾਣੀ ਨੂੰ ਘੱਗਰ ਦਰਿਆ ਵਿੱਚ ਪਾਉਣ ਤੋਂ ਰੋਕਣ ਅਤੇ ਜੀਰਕਪੁਰ ਵਿੱਚ ਲੱਗੇ ਟ੍ਰੀਟਮੈਂਟ ਪਲਾਂਟਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 29. | 21.12.2023 | 05 | ਕਮੇਟੀ ਨੇ ਜਲ ਸਰੋਤ ਵਿਭਾਗ ਤੋਂ ਮਿਤੀ 22.08.2023 ਅਤੇ 14.12.2023 ਨੂੰ ਹੋਈਆਂ ਮੀਟਿੰਗਾਂ ਦੇ ਸਬੰਧ ਵਿੱਚ ਪ੍ਰਾਪਤ ਪੱਤਰਾਂ/ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 30. | 07.03.2024 | 08 | ਕਮੇਟੀ ਨੇ ਸਾਲ 2023-24 ਦੀ ਅੰਤਰਿਮ ਰਿਪੋਰਟ ਦੇ ਖਰੜੇ ਤੇ ਡੂੰਘਾ ਵਿਚਾਰ-ਵਟਾਂਦਰਾ ਕੀਤਾ ਅਤੇ ਇਸ ਅੰਤਰਿਮ ਰਿਪੋਰਟ ਨੂੰ ਪ੍ਰਵਾਨਗੀ ਦਿੰਦਿਆਂ ਸਭਾਪਤੀ ਜੀ ਨੂੰ ਇਹ ਅੰਤਰਿਮ ਰਿਪੋਰਟ ਸਦਨ ਵਿੱਚ ਪੇਸ਼ ਕਰਨ ਦੇ ਅਧਿਕਾਰ ਦਿੱਤੇ। |
| 31. | 21.06.2024 | 06 | ਕਮੇਟੀ ਨੇ ਬੁੱਢੇ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਵੱਲੋਂ ਮਿਤੀ 11 ਮਾਰਚ, 2024 ਨੂੰ ਸਦਨ ਵਿੱਚ ਪੇਸ਼ ਕੀਤੀ ਗਈ ਅੰਤਰਿਮ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 32. | 16.07.2024 | 09 | ਕਮੇਟੀ ਨੇ ਬੁੱਢੇ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਵੱਲੋਂ ਮਿਤੀ 11 ਮਾਰਚ, 2024 ਨੂੰ ਸਦਨ ਵਿੱਚ ਪੇਸ਼ ਕੀਤੀ ਗਈ ਅੰਤਰਿਮ ਰਿਪੋਰਟ ਵਿੱਚ ਦਰਜ ਘੱਗਰ ਦਰਿਆ ਸਬੰਧੀ ਕੀਤੀਆਂ ਗਈਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 33. | 26.07.2024 | 05 | ਕਮੇਟੀ ਵੱਲੋਂ ਚੈਂਬਰ ਆਫ ਇੰਡਸਟਰੀਅਲ ਅਤੇ ਕਮਰਸ਼ੀਅਲ ਅੰਡਰਟੇਕਿੰਗਜ਼ ਅਤੇ ਇੰਡਸਟਰੀਅਲ ਏਰੀਆ-ਏ, ਡਾਇੰਗ ਐਸੋਸੀਏਸ਼ਨ, ਜ਼ਿਲ੍ਹਾ ਲੁਧਿਆਣਾ ਵੱਲੋਂ ਕੀਤੀਆਂ ਪ੍ਰਤੀਬੇਨਤੀਆਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਕਮੇਟੀ ਦੀ ਮਿਤੀ 11 ਮਾਰਚ, 2024 ਨੂੰ ਸਦਨ ਵਿੱਚ ਪੇਸ਼ ਕੀਤੀ ਗਈ ਅੰਤਰਿਮ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। |
| 34. | 13.09.2024 | 07 | ਕਮੇਟੀ ਨੇ ਬੁੱਢੇ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਵੱਲੋਂ ਮਿਤੀ 11 ਮਾਰਚ, 2024 ਨੂੰ ਸਦਨ ਵਿੱਚ ਪੇਸ਼ ਕੀਤੀ ਗਈ ਅੰਤਰਿਮ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 35. | 24.10.2024 | 05 | ਕਮੇਟੀ ਨੇ ਬੁੱਢੇ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਵੱਲੋਂ ਮਿਤੀ 11 ਮਾਰਚ, 2024 ਨੂੰ ਸਦਨ ਵਿੱਚ ਪੇਸ਼ ਕੀਤੀ ਗਈ ਅੰਤਰਿਮ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗੀ ਅਧਿਕਾਰੀਆਂ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 36. | 03.12.2024 | 05 | ਕਮੇਟੀ ਨੇ ਬੁੱਢੇ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਦੀ ਮਿਤੀ 24.10.2024 ਨੂੰ ਹੋਈ ਮੀਟਿੰਗ ਵਿੱਚ ਸਦਨ ਵਿੱਚ ਪੇਸ਼ ਕੀਤੀ ਗਈ ਅੰਤਰਿਮ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 37. | 07.03.2025 | 03 | ਕਮੇਟੀ ਨੇ ਬੁੱਢੇ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਦੀ ਮਿਤੀ 03.12.2024 ਨੂੰ ਹੋਈ ਮੀਟਿੰਗ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ/ਪ੍ਰੇਖਣਾਂ ਤੇ ਵਿਭਾਗੀ ਅਧਿਕਾਰੀਆਂ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਐਸ.ਟੀ.ਪੀ., 225 ਐਮ.ਐੱਲ.ਡੀ., ਜਮਾਲਪੁਰ, ਲੁਧਿਆਣਾ ਵਿਖੇ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 38. | 02.07.2025 | 03 | ਕਮੇਟੀ ਨੇ ਬੁੱਢੇ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਵੱਲੋਂ ਮਿਤੀ 11 ਮਾਰਚ 2024 ਨੂੰ ਸਦਨ ਵਿੱਚ ਪੇਸ਼ ਕੀਤੀ ਗਈ ਅੰਤਰਿਮ ਰਿਪੋਰਟ ਅਤੇ ਮਿਤੀ 16-07-2024 ਨੂੰ ਹੋਈ ਮੀਟਿੰਗ ਵਿੱਚ ਘੱਗਰ ਦਰਿਆ ਸਬੰਧੀ ਕੀਤੀਆਂ ਗਈਆਂ ਸਿਫ਼ਾਰਸ਼ਾਂ/ਪ੍ਰੇਖਣਾਂ ਤੇ ਸਮੂਹ ਵਿਭਾਗਾਂ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 39. | 19.09.2025 | 04 | ਕਮੇਟੀ ਨੇ ਮਿਤੀ 07-03-2025 ਨੂੰ ਹੋਈ ਮੀਟਿੰਗ ਵਿੱਚ ਬੁੱਢਾ ਦਰਿਆ ਸਬੰਧੀ ਕੀਤੀਆਂ ਗਈਆਂ ਸਿਫ਼ਾਰਸ਼ਾਂ/ਪ੍ਰੇਖਣਾਂ ਤੇ ਸਮੂਹ ਵਿਭਾਗਾਂ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 40. | 06.01.2026 | 04 | ਕਮੇਟੀ ਨੇ ਮਿਤੀ 02-07-2025 ਨੂੰ ਹੋਈ ਮੀਟਿੰਗ ਵਿੱਚ ਘੱਗਰ ਦਰਿਆ ਸਬੰਧੀ ਕੀਤੀਆਂ ਗਈਆਂ ਸਿਫ਼ਾਰਸ਼ਾਂ/ਪ੍ਰੇਖਣਾਂ ਤੇ ਸਮੂਹ ਵਿਭਾਗਾਂ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 41. | 29.01.2026 | 03 | ਕਮੇਟੀ ਨੇ ਮਿਤੀ 19-09-2025 ਨੂੰ ਹੋਈ ਮੀਟਿੰਗ ਵਿੱਚ ਬੁੱਢਾ ਦਰਿਆ ਸਬੰਧੀ ਕੀਤੀਆਂ ਗਈਆਂ ਸਿਫ਼ਾਰਸ਼ਾਂ/ਪ੍ਰੇਖਣਾਂ ਤੇ ਸਮੂਹ ਵਿਭਾਗਾਂ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 42. | 18.02.2026 | 03 | ਕਮੇਟੀ ਨੇ ਮਿਤੀ 06-01-2026 ਨੂੰ ਹੋਈ ਮੀਟਿੰਗ ਵਿੱਚ ਘੱਗਰ ਦਰਿਆ ਸਬੰਧੀ ਕੀਤੀਆਂ ਗਈਆਂ ਸਿਫ਼ਾਰਸ਼ਾਂ/ਪ੍ਰੇਖਣਾਂ ਤੇ ਸਮੂਹ ਵਿਭਾਗਾਂ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵਿਭਾਗੀ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 43. | 10.03.2026 | 06 | ਕਮੇਟੀ ਵੱਲੋਂ ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਾਮਲਿਆਂ ਸਬੰਧੀ ਕਮੇਟੀ ਦੀ ਸਾਲ 2022-26 ਦੇ ਰਿਪੋਰਟ ਦੇ ਖਰੜੇ ਨੂੰ ਪ੍ਰਵਾਨਗੀ ਦਿੱਤੀ ਗਈ ਅਤੇ ਕਮੇਟੀ ਦੀਆਂ ਪਿਛਲੀਆਂ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ। |

11. ਕਮੇਟੀ ਦੀਆਂ ਚੰਡੀਗੜ੍ਹ ਤੋਂ ਬਾਹਰ ਹੋਈਆਂ ਮੀਟਿੰਗਾਂ ਦਾ ਵੇਰਵਾਂ ਹੇਠ ਲਿਖੇ ਅਨੁਸਾਰ ਹੈ:-

ਮਿਤੀ 13.02.2023, ਨੂੰ ਲੁਧਿਆਣਾ, ਮਿਤੀ 24.02.2023 ਨੂੰ ਜ਼ਿਲ੍ਹਾ ਸੰਗਰੂਰ, ਮਿਤੀ 31.05.2023 ਨੂੰ ਡੇਰਾਬੱਸੀ, ਜ਼ਿਲ੍ਹਾ ਮੋਹਾਲੀ, ਮਿਤੀ 08.06.2023 ਨੂੰ ਐਸ.ਟੀ.ਪੀ., 225 ਐਮ.ਐੱਲ.ਡੀ., ਲੁਧਿਆਣਾ, ਮਿਤੀ 26.10.2023 ਨੂੰ ਪੀ.ਏ.ਯੂ., ਲੁਧਿਆਣਾ, ਮਿਤੀ 09.11.2023 ਨੂੰ ਐਸ.ਟੀ.ਪੀ., 225 ਐਮ.ਐੱਲ.ਡੀ., ਮਿਤੀ 07.03.2025 ਨੂੰ ਐਸ.ਟੀ.ਪੀ., 225 ਐਮ.ਐੱਲ.ਡੀ., ਲੁਧਿਆਣਾ ਅਤੇ ਮਿਤੀ 19.09.2025 ਨੂੰ ਐਸ.ਟੀ.ਪੀ., 225 ਐਮ.ਐੱਲ.ਡੀ., ਲੁਧਿਆਣਾ ਵਿਖੇ ।

12. ਕਮੇਟੀ ਦੀਆਂ ਮਿਤੀ 29-11-2022, 06-02-2023, 29-03-2023, 11-04-2023, 02-02-2024, 10-01-2025 ਅਤੇ ਮਿਤੀ 30-10-2025 ਨੂੰ ਹੋਈਆਂ ਮੀਟਿੰਗਾਂ ਦਾ ਕੋਰਮ ਪੂਰਾ ਨਹੀਂ ਹੋਇਆ।

13. ਕਮੇਟੀ ਦੁਆਰਾ ਪੇਸ਼ ਕੀਤੀ ਗਈ ਰਿਪੋਰਟ :-

| **ਲੜੀ ਨੰ:** | **ਜਿਸ ਮਿਤੀ ਨੂੰ ਰਿਪੋਰਟ ਪੇਸ਼ ਕੀਤੀ ਗਈ** | **ਰਿਪੋਰਟ ਦਾ ਵਿਸ਼ਾ** |
|---|---|---|
| 1 | 16 ਮਾਰਚ, 2026 | ਕਮੇਟੀ ਨੇ ਬੁੱਢਾ ਦਰਿਆ ਅਤੇ ਘੱਗਰ ਦਰਿਆ ਦੀ ਸਾਫ-ਸਫਾਈ ਦੇ ਮਾਮਲਿਆਂ ਸਬੰਧੀ ਰਿਪੋਰਟ ਸਦਨ ਵਿੱਚ ਪੇਸ਼ ਕੀਤੀ। |

## ਸਿਲੈਕਟ ਕਮੇਟੀ

### ਬਣਤਰ

ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 15 ਜੁਲਾਈ, 2025 ਨੂੰ ਹੋਈ ਪੰਜਾਬ ਵਿਧਾਨ ਸਭਾ ਦੀ ਬੈਠਕ ਦੌਰਾਨ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ, 2025" ਨੂੰ ਸਿਲੈਕਟ ਕਮੇਟੀ ਨੂੰ ਸੌਂਪਣ ਸਬੰਧੀ ਸਰਬਸੰਮਤੀ ਨਾਲ ਪਾਸ ਹੋਏ ਪ੍ਰਸਤਾਵ ਅਨੁਸਾਰ ਮਾਣਯੋਗ ਸਪੀਕਰ ਸਾਹਿਬ ਵੱਲੋਂ ਉਕਤ ਬਿੱਲ ਤੇ ਸਿਲੈਕਟ ਕਮੇਟੀ ਦਾ ਗਠਨ ਅਧਿਸੂਚਨਾ ਨੰ: 36-ਐਲ.ਏ-2025/44, ਮਿਤੀ 19.07.2025 ਰਾਹੀਂ ਕੀਤਾ ਗਿਆ।

2. ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ ਦੁਆਰਾ ਡਾ. ਇੰਦਰਬੀਰ ਸਿੰਘ ਨਿੱਜਰ, ਐਮ.ਐਲ.ਏ. ਨੂੰ ਉਕਤ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ ਗਿਆ।

3. ਕਮੇਟੀ ਨੇ ਕੁੱਲ 21 ਮੀਟਿੰਗਾਂ ਕੀਤੀਆਂ। ਮੈਂਬਰਾਂ ਦੇ ਨਾਂ ਅਤੇ ਉਹ ਜਿੰਨੀਆਂ ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਏ, ਉਨ੍ਹਾਂ ਦੀ ਗਿਣਤੀ ਹੇਠ ਦਰਜ ਸਾਰਣੀ ਵਿੱਚ ਦਰਸਾਈ ਗਈ ਹੈ :-

| ਕ੍ਰਮ ਨੰ: | ਮੈਂਬਰ ਦਾ ਨਾਂ | ਜਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਏ |
|---|---|---|
| **1.** | **2.** | **3.** |
| 1. | ਡਾ. ਇੰਦਰਬੀਰ ਸਿੰਘ ਨਿੱਜਰ, ਸਭਾਪਤੀ | 22 |
| 2. | ਡਾ. ਅਜੇ ਗੁਪਤਾ, ਮੈਂਬਰ | 8 |
| 3. | ਡਾ. ਅਮਨਦੀਪ ਕੌਰ ਅਰੋੜਾ, ਮੈਂਬਰ | 10 |
| 4. | ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਮੈਂਬਰ | 15 |
| 5. | ਸ਼੍ਰੀ ਜਗਦੀਪ ਕੰਬੋਜ਼, ਮੈਂਬਰ | 11 |
| 6. | ਸ਼੍ਰੀ ਜੰਗੀ ਲਾਲ ਮਹਾਜਨ, ਮੈਂਬਰ | 11 |
| 7. | *ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਮੈਂਬਰ | 8 |
| 8. | ਸ਼੍ਰੀਮਤੀ ਨੀਨਾ ਮਿੱਤਲ, ਮੈਂਬਰ | 10 |
| 9. | ਪ੍ਰੋ. ਬਲਜਿੰਦਰ ਕੌਰ, ਮੈਂਬਰ | 6 |
| 10. | ਪ੍ਰਿੰ. ਬੁੱਧ ਰਾਮ, ਮੈਂਬਰ | 12 |
| 11. | ਸ਼੍ਰੀ ਬ੍ਰਮ ਸ਼ੰਕਰ ਜਿੰਪਾ, ਮੈਂਬਰ | 21 |
| 12. | ਸ. ਬਲਵਿੰਦਰ ਸਿੰਘ ਧਾਲੀਵਾਲ, ਮੈਂਬਰ | 11 |
| 13. | ਸ਼੍ਰੀ ਮਦਨ ਲਾਲ ਬੱਗਾ, ਮੈਂਬਰ | 15 |
| 14 | ਸ. ਮਨਪ੍ਰੀਤ ਸਿੰਘ ਇਯਾਲੀ, ਮੈਂਬਰ | 9 |
| 15 | ਮੁਹੰਮਦ ਜ਼ਮੀਲ ਉਰ ਰਹਿਮਾਨ, ਮੈਂਬਰ | 20 |
| 16 | ਐਡਵੋਕੇਟ ਜਨਰਲ, ਪੰਜਾਬ, Ex-officio ਮੈਂਬਰ | 4 |

- ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਐਮ.ਐਲ.ਏ. ਵੱਲੋਂ ਮਿਤੀ 25.10.2025 ਨੂੰ ਕਮੇਟੀ ਤੋਂ ਦਿੱਤੇ ਗਏ ਅਸਤੀਫੇ ਨੂੰ ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ ਵੱਲੋਂ ਮਨਜੂਰ ਕਰਨ ਕਾਰਣ ਉਹ ਸਿਲੈਕਟ ਕਮੇਟੀ ਦੇ ਬਾਕੀ ਰਹਿੰਦੇ ਸਮੇਂ ਲਈ ਮੈਂਬਰ ਨਹੀਂ ਰਹੇ।

4. ਕੀਤੀਆਂ ਗਈਆਂ ਮੀਟਿੰਗਾਂ ਅਤੇ ਕੀਤਾ ਗਿਆ ਕੰਮ-ਕਾਰ

ਮੀਟਿੰਗਾਂ ਦੀਆਂ ਮਿਤੀਆਂ, ਹਾਜ਼ਰ ਮੈਂਬਰਾਂ ਦੀ ਗਿਣਤੀ ਅਤੇ ਹਰ ਮੀਟਿੰਗ ਵਿੱਚ ਕੀਤੇ ਗਏ ਕੰਮ-ਕਾਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੀਟਿੰਗ ਦੀ ਮਿਤੀ | ਹਾਜ਼ਰ ਹੋਏ ਮੈਂਬਰਾਂ ਦੀ ਗਿਣਤੀ | ਕੀਤਾ ਗਿਆ ਕੰਮ- ਕਾਰ |
|---|---|---|---|
| 1. | 24 ਜੁਲਾਈ, 2025 | 14 | ਕਮੇਟੀ ਨੇ ਆਪਣੇ ਕਾਰਜ਼-ਖੇਤਰ ਤੇ ਵਿਚਾਰ ਵਟਾਂਦਰਾ ਕੀਤਾ ਅਤੇ ਹੇਠ ਅਨੁਸਾਰ ਫੈਸਲਾ ਕੀਤਾ:-<br>1) ਗ੍ਰਹਿ ਮਾਮਲੇ ਵਿਭਾਗ ਅਤੇ ਕਾਨੂੰਨੀ ਮਸ਼ੀਰ ਤੇ ਵਿਧਾਨਕ ਮਾਮਲੇ ਵਿਭਾਗ, ਪੰਜਾਬ ਦੇ ਨੁਮਾਇੰਦਿਆਂ ਨੂੰ ਕਮੇਟੀ ਦੀ ਹਰ ਮੀਟਿੰਗ ਵਿੱਚ ਬੁਲਾਉਣ ਸਬੰਧੀ।<br>2) ਗ੍ਰਹਿ ਮਾਮਲੇ ਵਿਭਾਗ ਨੂੰ ਇਸ ਬਿੱਲ ਨੂੰ ਸਰਲ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਵਾਉਣ ਸਬੰਧੀ।<br>3) ਬਿੱਲ ਤੇ ਜਨਤਾ ਦੀ ਰਾਏ ਲੈਣ ਵਾਸਤੇ ਅਖਬਾਰਾਂ ਵਿੱਚ ਦਿੱਤੇ ਜਾਣ ਵਾਲੇ ਇਸ਼ਤਿਹਾਰ ਦਾ ਖਰੜਾ ਮੈਂਬਰਾਂ ਦੇ ਵਿਚਾਰਨ ਲਈ ਪੇਸ਼ ਕਰਨ ਸਬੰਧੀ। |
| 2. | 29 ਜੁਲਾਈ, 2025 | 13 | 1) ਕਮੇਟੀ ਨੇ ਜਨਤਾ ਦੀ ਰਾਇ ਲੈਣ ਦੇ ਮਾਮਲੇ ਸਬੰਧੀ ਹੇਠ ਲਿਖੇ ਨੁਕਤਿਆਂ ਤੇ ਵਿਚਾਰ-ਵਟਾਂਦਰਾ ਕੀਤਾ:-<br>i. ਵੱਖ-ਵੱਖ ਧਾਰਮਿਕ ਸੰਸਥਾਵਾਂ ਦੀਆਂ ਸ਼ਖਸੀਅਤਾਂ ਅਤੇ ਉੱਘੇ ਵਿਦਵਾਨਾਂ ਨਾਲ ਵਿਚਾਰ-ਵਟਾਂਦਰਾ ਕਰਨਾ;<br>ii. ਸਦਨ ਦੇ ਫੈਸਲੇ ਮੁਤਾਬਿਕ ਬਿੱਲ ਤੇ ਜਨਤਾ ਤੋਂ ਲਿਖਤੀ ਸੁਝਾਅ ਲੈਣ ਬਾਰੇ;<br>iii. ਆਮ ਲੋਕਾਂ ਦੀ ਰਾਏ ਲੈਣ ਲਈ ਅਖਬਾਰਾਂ ਵਿੱਚ ਇਸ਼ਤਿਹਾਰ ਦੇਣਾ;<br>iv. ਜਿਨ੍ਹਾਂ ਰਾਜਾਂ ਵਿੱਚ ਇਸ ਪ੍ਰਕਾਰ ਦਾ ਬਿੱਲ ਪਾਸ ਕੀਤਾ ਗਿਆ ਹੈ, ਉਥੋਂ ਡਾਟਾ ਮੰਗਵਾਉਣ ਬਾਰੇ;<br>v. ਬਿੱਲ ਵਿਚਲੀ ਔਖੀ ਸ਼ਬਦਾਵਲੀ ਦਾ ਸਰਲ ਤਰਜਮਾ ਕਰਨਾ;<br>vi. ਵੱਖ-ਵੱਖ ਯੂਨੀਵਰਸਿਟੀਆਂ ਦੇ ਰਿਲੀਜੀਅਸ ਸਟੱਡੀਜ਼ ਨਾਲ ਸਬੰਧਤ ਮਾਹਿਰਾਂ ਨਾਲ ਗੱਲਬਾਤ; ਅਤੇ |

| | | | |
|---|---|---|---|
| | | | vii. ਸੁਝਾਅ ਲੈਣ ਵਾਸਤੇ ਪੋਰਟਲ ਬਣਾਉਣ ਸਬੰਧੀ। |
| 3. | 5 ਅਗਸਤ, 2025 | 13+**1 | 1) ਕਮੇਟੀ ਨੇ ਬਿੱਲ ਦੇ ਖਰੜੇ ਤੇ ਵਿਚਾਰ-ਵਟਾਂਦਰਾ ਕੀਤਾ।<br>2) ਕਮੇਟੀ ਵੱਲੋਂ ਕਾਨੂੰਨੀ ਅਤੇ ਵਿਧਾਨਕ ਮਾਮਲੇ ਵਿਭਾਗ ਨੂੰ ਬਾਹਰਲੇ ਮੁਲਕਾਂ ਵਿੱਚ ਇਸ ਤਰ੍ਹਾਂ ਦੇ ਕਾਨੂੰਨ ਸਬੰਧੀ ਬਿੱਲਾਂ ਦਾ ਰਿਕਾਰਡ ਕਮੇਟੀ ਦੀ ਜਾਣਕਾਰੀ ਲਈ ਮੁਹੱਈਆ ਕਰਵਾਉਣ ਬਾਰੇ ਕਿਹਾ ਗਿਆ।<br>3) ਕਮੇਟੀ ਨੇ ਵਿਸ਼ੇ ਸਬੰਧੀ ਲੜੀ ਨੰ: 1 ਤੋਂ 80 ਤੱਕ ਵੱਖ-ਵੱਖ ਪ੍ਰਾਪਤ ਹੋਏ ਸੁਝਾਵਾਂ ਤੇ ਵਿਚਾਰ-ਵਟਾਂਦਰਾ ਕੀਤਾ।<br>4) ਕਮੇਟੀ ਨੇ ਮਿਤੀ 29.07.2025 ਦੀ ਮੀਟਿੰਗ ਦੌਰਾਨ ਹੋਈ ਚਰਚਾ ਨੂੰ ਅੱਗੇ ਜਾਰੀ ਰੱਖਿਆ ਅਤੇ ਹੇਠ ਅਨੁਸਾਰ ਵਿਚਾਰ-ਵਟਾਂਦਰਾ ਕੀਤਾ:-<br>i. ਆਮ ਲੋਕਾਂ ਦੀ ਰਾਏ ਲੈਣ ਲਈ ਅਖਬਾਰਾਂ ਵਿੱਚ ਹੋਰ ਜ਼ਿਆਦਾ ਅਟਰੈਕਟਿਵ ਇਸ਼ਤਿਹਾਰ ਦੇਣ ਸਬੰਧੀ;<br>ii. ਬਿੱਲ ਵਿੱਚਲੀ ਔਖੀ ਸ਼ਬਦਾਵਲੀ ਦਾ ਸਰਲ ਤਰਜਮਾ ਕਰਨ ਸਬੰਧੀ;<br>iii. ਵੱਖ-ਵੱਖ ਰਾਜਾਂ ਤੋਂ ਬਿੱਲ ਸਬੰਧੀ ਡਾਟਾ ਮੰਗਵਾਉਣ ਸਬੰਧੀ; ਅਤੇ<br>iv. ਬੇਅਦਬੀ ਕਰਨ ਵਾਲਿਆਂ ਨੂੰ ਦਿੱਤੀ ਜਾਣ ਵਾਲੀ ਸਜ਼ਾ ਸਬੰਧੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮਾਹਿਰਾਂ ਨੂੰ ਬੁਲਾਉਣ ਸਬੰਧੀ ਫੈਸਲਾ ਕੀਤਾ। |
| 4. | 12 ਅਗਸਤ, 2025 | 11 | 1) ਕਮੇਟੀ ਨੇ ਬਿੱਲ ਸਬੰਧੀ ਰਾਏ ਲੈਣ ਲਈ ਮਿਤੀ 14 ਅਗਸਤ, 2025 ਨੂੰ ਪੰਜਾਬੀ, ਹਿੰਦੀ, ਅੰਗ੍ਰੇਜੀ ਅਤੇ ਉਰਦੂ ਭਾਸ਼ਾ ਦੇ ਕੁੱਲ 13 ਅਖਬਾਰਾਂ ਦੇ ਪਹਿਲੇ ਪੰਨੇ ਤੇ ਇਸ਼ਤਿਹਾਰ ਪ੍ਰਕਾਸ਼ਿਤ ਕਰਵਾਉਣ ਦਾ ਫੈਸਲਾ ਕੀਤਾ।<br>2) ਕਮੇਟੀ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਧਾਰਮਿਕ ਸਟੱਡੀਜ਼ ਵਿਭਾਗ ਦੇ ਮਾਹਿਰਾਂ ਨਾਲ ਬਿੱਲ ਸਬੰਧੀ ਵਿਚਾਰ-ਵਟਾਂਦਰਾਂ ਕੀਤਾ। |
| 5. | 19 ਅਗਸਤ, 2025 | 13+**1 | 1) ਸਭਾਪਤੀ ਜੀ ਨੇ ਮਿਤੀ 24.07.2025, 29.07.2025, 5.8.2025 ਅਤੇ 12.08.2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |

| | | | |
|---|---|---|---|
| | | | 2) ਕਮੇਟੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਧਾਰਮਿਕ ਸਟੱਡੀਜ਼ ਵਿਭਾਗ ਦੇ ਅਤੇ ਹੋਰ ਮਾਹਿਰਾਂ ਨਾਲ ਬਿੱਲ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 6. | 26 ਅਗਸਤ, 2025 | 12+**1 | ਕਮੇਟੀ ਨੇ ਬਾਰ ਐਸੋਸੀਏਸ਼ਨ, ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਅਹੁੱਦੇਦਾਰਾਂ ਨਾਲ ਬਿੱਲ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 7. | 3 ਸਤੰਬਰ, 2025 | 10 | 1) ਸ੍ਰੀ ਗੁਰਮੀਤ ਸਿੰਘ ਸਿੱਧੂ, ਪ੍ਰੋਫੈਸਰ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਬਿੱਲ ਸਬੰਧੀ ਦਿੱਤੇ ਸੁਝਾਵਾਂ ਨੂੰ ਕਮੇਟੀ ਸਾਹਮਣੇ ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ।<br>2) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮਾਹਿਰਾਂ ਵੱਲੋਂ ਪ੍ਰਾਪਤ ਸੁਝਾਵਾਂ ਨੂੰ ਕਮੇਟੀ ਸਾਹਮਣੇ ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ।<br>3) ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਤੀਨਿਧੀ ਮੰਡਲ ਨਾਲ ਵਿਚਾਰ-ਵਟਾਂਦਰਾ ਕੀਤਾ।<br>4) ਕਮੇਟੀ ਨੇ ਸਰਦਾਰ ਪੂਰਨ ਸਿੰਘ ਹੁੰਦਲ, ਸੀਨੀਅਰ ਐਡਵੋਕੇਟ, ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵੱਲੋਂ ਪ੍ਰਾਪਤ ਸੁਝਾਵਾਂ ਤੇ ਵਿਚਾਰ-ਵਟਾਂਦਰਾ ਕੀਤਾ।<br>5) ਕਮੇਟੀ ਨੇ ਡਾ. ਕੇਹਰ ਸਿੰਘ, ਸਾਬਕਾ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਾਪਤ ਸੁਝਾਵਾਂ ਤੇ ਵਿਚਾਰ-ਵਟਾਂਦਰਾ ਕੀਤਾ। |
| 8. | 11 ਸਤੰਬਰ, 2025 | 10+**1 | 1) ਸ੍ਰੀ ਦੇਵਿੰਦਰ ਕੁਮਾਰ ਗੁਪਤਾ, ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ ਵੱਲੋਂ ਕਮੇਟੀ ਦੀ ਮਿਤੀ 3.9.2025 ਨੂੰ ਹੋਈ ਬੈਠਕ ਵਿੱਚ ਕੀਤੀ ਸਿਫਾਰਸ਼ ਤੇ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕੀਤਾ ਗਿਆ। ਇਸ ਪੱਤਰ ਨੂੰ ਕਮੇਟੀ ਸਾਹਮਣੇ ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ।<br>2) ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਬਿੱਲ ਸਬੰਧੀ ਕਮੇਟੀ ਵੱਲੋਂ ਮੰਗੇ ਗਏ ਸੁਝਾਵਾਂ ਬਾਰੇ ਜਾਣਕਾਰੀ ਦਿੱਤੀ। ਕਮੇਟੀ ਨੇ ਇਸ ਨੂੰ ਨੋਟ ਕੀਤਾ। |

| | | | |
|---|---|---|---|
| | | | 3) ਸ. ਭਗਵੰਤ ਸਿੰਘ ਸਿਆਲਕਾ, ਐਡਵੋਕੇਟ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਪ੍ਰਾਪਤ ਪੱਤਰ, ਜਿਸ ਰਾਹੀਂ ਉਨ੍ਹਾਂ ਨੇ ਕਮੇਟੀ ਤੋਂ ਬਿੱਲ ਤੇ ਆਪਣੇ ਸੁਝਾਅ ਦੇਣ ਤੋਂ ਪਹਿਲਾਂ ਕੁਝ ਜਾਣਕਾਰੀ ਮੰਗਣ ਸਬੰਧੀ ਪੱਤਰ ਕਮੇਟੀ ਸਾਹਮਣੇ ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ।<br>4) ਕਮੇਟੀ ਨੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਮਾਹਿਰਾਂ ਨਾਲ ਬਿੱਲ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 9. | 16 ਸਤੰਬਰ, 2025 | 8+**1 | 1) ਕਮੇਟੀ ਨੇ ਬਿੱਲ ਸਬੰਧੀ ਆਪਸੀ ਵਿਚਾਰ-ਵਟਾਂਦਰਾ ਕੀਤਾ।<br>2) ਕਮੇਟੀ ਨੇ ਅਖਿਲ ਭਾਰਤੀਆ ਰਵਿਦਾਸੀਆ ਧਰਮ ਸੰਗਠਨ/ਡੇਰਾ ਸੱਚਖੰਡ ਬੱਲਾਂ, ਪੰਜਾਬ ਦੇ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 10. | 23 ਸਤੰਬਰ, 2025 | 7+**1 | 1) ਸਭਾਪਤੀ ਜੀ ਨੇ ਮਿਤੀ 19.8.2025, 26.8.2025, 3.9.2025, 11.9.2025 ਅਤੇ 16.9.2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ।<br>2) ਕਮੇਟੀ ਸਾਹਮਣੇ ਆਦਿਵਾਸੀ ਗੁਰੂ ਗਿਆਨ ਨਾਥ ਪੂਰਨ ਸੰਘਰਸ਼ ਦਲ ਭਾਰਤ (ਰਜਿ.), ਮੁੱਖ ਦਫ਼ਤਰ, ਭਗਵਾਨ ਵਾਲਮੀਕਿ ਤੀਰਥ ਗਿਆਨ ਆਸ਼ਰਮ, ਅੰਮ੍ਰਿਤਸਰ, ਪੰਜਾਬ (ਭਾਰਤ) ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਦੀਆਂ 5 ਅਕਤੂਬਰ, 2025 ਨੂੰ ਹੋਣ ਵਾਲੀਆਂ ਚੋਣਾਂ ਦੀ ਤਾਰੀਖ ਬਦਲਣ ਸਬੰਧੀ ਪੱਤਰ ਪੇਸ਼ ਕੀਤਾ ਗਿਆ, ਜਿਸ ਤੇ ਕਮੇਟੀ ਨੇ ਵਿਚਾਰ-ਵਟਾਂਦਰਾ ਕਰਦੇ ਹੋਏ ਸ਼ਿਫਾਰਸ਼ ਕੀਤੀ ਕਿ ਮੁੱਖ ਸਕੱਤਰ, ਪੰਜਾਬ ਨੂੰ ਲਿਖ ਦਿੱਤਾ ਜਾਵੇ ਕਿ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮਿਤੀ 7 ਅਕਤੂਬਰ, 2025 ਦੇ ਮੱਦੇਨਜ਼ਰ ਉਕਤ ਚੋਣਾਂ ਪ੍ਰਗਟ ਦਿਵਸ ਤੋਂ ਕੁਝ ਸਮਾਂ ਬਾਅਦ ਕਰਵਾਉਣ ਦੀ ਮੰਗ ਨੂੰ ਵਿਚਾਰ ਲਿਆ ਜਾਵੇ ਤਾਂ ਕਿ ਧਾਰਮਿਕ ਸਮਾਗਮ ਨਿਰਵਿਘਨ ਸਫਲ ਹੋ ਜਾਣ।<br>3) ਕਮੇਟੀ ਨੇ ਬਿੱਲ ਸਬੰਧੀ ਭਗਵਾਨ ਵਾਲਮੀਕਿ ਤੀਰਥ (ਸ੍ਰੀ ਰਾਮ ਤੀਰਥ) ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਤੀਨਿਧੀਆਂ/ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 11. | 30 ਸਤੰਬਰ, 2025 | 6+**1 | ਕਮੇਟੀ ਨੇ ਬਿੱਲ ਸਬੰਧੀ ਇਸਾਈ ਧਰਮ ਦੀਆਂ ਸੰਸਥਾਵਾਂ ਦੇ ਪ੍ਰਤੀਨਿਧੀਆਂ/ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। |

| | | | |
|---|---|---|---|
| 12. | 9 ਅਕਤੂਬਰ, 2025 | 9+**1 | ਕਮੇਟੀ ਸਾਹਮਣੇ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਪ੍ਰਾਪਤ ਪੱਤਰ ਨੰ: 21903(T), ਮਿਤੀ 27.9.2025, ਜਿਸ ਰਾਹੀਂ ਸੂਚਿਤ ਕੀਤਾ ਗਿਆ ਸੀ ਉਨ੍ਹਾਂ ਵੱਲੋਂ ਮੰਗੀ ਜਾਣਕਾਰੀ ਗ੍ਰਹਿ ਮਾਮਲੇ ਵਿਭਾਗ, ਪੰਜਾਬ ਤੋਂ ਹੁਣ ਤੱਕ ਪ੍ਰਾਪਤ ਨਹੀਂ ਹੋਈ, ਪੇਸ਼ ਕੀਤਾ ਗਿਆ। ਕਮੇਟੀ ਵੱਲੋਂ ਇਸ ਤੇ ਵਿਚਾਰ-ਵਟਾਂਦਰੇ ਉਪਰੰਤ ਹਦਾਇਤ ਕੀਤੀ ਗਈ ਕਿ ਇਸ ਸਬੰਧੀ ਲੋੜੀਂਦੀ ਕਾਰਵਾਈ ਛੇਤੀ ਤੋਂ ਛੇਤੀ ਕੀਤੀ ਜਾਵੇ। |
| 13. | 14 ਅਕਤੂਬਰ, 2025 | 8+**1 | ਕਮੇਟੀ ਨੇ ਹਾਜ਼ਰ ਲੋਕ ਨੁਮਾਇੰਦਿਆਂ ਨਾਲ ਬਿੱਲ ਸਬੰਧੀ ਵਿਚਾਰ-ਵਟਾਂਦਰਾ ਕੀਤਾ। |
| 14. | 28 ਅਕਤੂਬਰ, 2025 | 4+**1 | 1) ਕਮੇਟੀ ਨੇ ਬਿੱਲ ਸਬੰਧੀ ਸਨਾਤਨ ਧਰਮ ਦੇ ਸਬੰਧਤ ਪ੍ਰਤੀਨਿਧੀਆਂ ਅਤੇ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਸਨਾਤਨ ਭਾਈਚਾਰੇ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਵਿਧਾਨ ਸਭਾ ਦੇ ਸਦਨ ਅੰਦਰ ਸਵਾਸਤਿਕ ਚਿੰਨ ਦੀ ਥਾਂ ਬਦਲਣ ਦਾ ਮਾਮਲਾ ਯੂ.ਟੀ. ਹੈਰੀਟੇਜ ਕਮੇਟੀ ਕੋਲ ਜ਼ੋਰਦਾਰ ਢੰਗ ਨਾਲ ਉਠਾਉਣ ਦੀ ਸ਼ਿਫਾਰਸ਼ ਕੀਤੀ।<br>2) ਕਮੇਟੀ ਨੇ ਗ੍ਰਹਿ ਮਾਮਲੇ ਵਿਭਾਗ, ਪੰਜਾਬ ਤੋਂ ਪਿਛਲੇ 10 ਸਾਲਾਂ ਦੌਰਾਨ ਪੰਜਾਬ ਅੰਦਰ ਵੱਖ-ਵੱਖ ਧਾਰਮਿਕ ਗ੍ਰੰਥ ਦੀ ਬੇਅਦਬੀ ਦੇ ਕੇਸਾਂ ਅਤੇ ਇਸ ਪਿੱਛੇ ਮਨੋਰਥ ਅਤੇ ਪੁਲਿਸ ਵੱਲੋਂ ਕੀ ਕਾਰਵਾਈ ਕੀਤੀ ਗਈ ਬਾਰੇ ਸਟੇਟਸ ਰਿਪੋਰਟ ਮੰਗੀ। |
| 15. | 12 ਨਵੰਬਰ, 2025 | 12+**1 | 1) ਸਭਾਪਤੀ ਜੀ ਨੇ ਮਿਤੀ 23.9.2025, 30.9.2025, 9.10.2025 ਅਤੇ 14.10.2025 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ।<br>2) ਕਮੇਟੀ ਨੇ ਪੰਜਾਬ ਰਾਜ ਅੰਦਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਕੇਸਾਂ ਅਤੇ ਇਨ੍ਹਾਂ ਘਟਨਾਵਾਂ ਪਿੱਛੇ ਮਨੋਰਥ ਸਬੰਧੀ ਗ੍ਰਹਿ ਮਾਮਲੇ ਵਿਭਾਗ, ਪੰਜਾਬ ਤੋਂ ਪ੍ਰਾਪਤ ਸੂਚਨਾ ਬਾਰੇ ਵਿਭਾਗ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। |
| 16. | 16 ਦਸੰਬਰ, 2025 | 5+**1 | ਕਮੇਟੀ ਨੇ ਬਿੱਲ ਸਬੰਧੀ ਤਿਆਰ ਕੀਤੀ ਗਈ ਖਰੜਾ ਰਿਪੋਰਟ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 17. | 6 ਜਨਵਰੀ, 2026 | 7 | 1) ਕਮੇਟੀ ਨੇ ਸ਼ਿਫਾਰਸ਼ ਕੀਤੀ ਕਿ ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ ਵੱਲੋਂ ਰਿਪੋਰਟ ਪੇਸ਼ ਕਰਨ ਲਈ ਸਮਾਂ ਤਿੰਨ ਮਹੀਨੇ ਭਾਵ 17.04.2026 ਤੱਕ ਵਧਾਉਣ ਲਈ ਬੇਨਤੀ ਕੀਤੀ ਜਾਵੇ। |

| | | | |
|---|---|---|---|
| | | | 2) ਕਮੇਟੀ ਨੇ ਬਿੱਲ ਸਬੰਧੀ ਤਿਆਰ ਕੀਤੀ ਗਈ ਖਰੜਾ ਰਿਪੋਰਟ ਤੇ ਵਿਚਾਰ-ਵਟਾਂਦਰਾ ਕੀਤਾ। |
| 18. | 28 ਜਨਵਰੀ, 2026 | 5+**1 | 1) ਕਮੇਟੀ ਨੇ ਮਹਾਰਾਸ਼ਟਰ ਦੇ ਡਿਪਟੀ ਮੁੱਖ ਮੰਤਰੀ ਸ਼੍ਰੀ ਅਜੀਤ ਪਵਾਰ ਜੀ ਦੇ ਪਲੇਨ ਕ੍ਰੈਸ਼ ਵਿੱਚ ਗੁਜ਼ਰ ਜਾਣ ਤੇ, ਡਾ. ਅਜੈ ਗੁਪਤਾ, ਐਮ.ਐਲ.ਏ. ਦੀ ਧਰਮ ਪਤਨੀ ਦੇ ਅਕਾਲ ਚਲਾਣਾ ਕਰ ਜਾਣ ਤੇ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ. ਦੇ ਪਿਤਾ ਚੌਧਰੀ ਰਾਮ ਕਿਸ਼ਨ ਦੇ ਅਕਾਲ ਚਲਾਣਾ ਕਰ ਜਾਣ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਕਮੇਟੀ ਨੇ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਨ ਕੀਤਾ ਅਤੇ ਇੱਛਾ ਜ਼ਾਹਿਰ ਕੀਤੀ ਕਿ ਕਮੇਟੀ ਦੀਆਂ ਭਾਵਨਾਵਾਂ ਸ਼ੋਕਗ੍ਰਸਤ ਪਰਿਵਾਰਾਂ ਨੂੰ ਭੇਜ ਦਿੱਤੀਆਂ ਜਾਣ।<br>2) ਕਮੇਟੀ ਨੇ ਬਿੱਲ ਸਬੰਧੀ ਖਰੜਾ ਰਿਪੋਰਟ ਤੇ ਆਪਸੀ ਵਿਚਾਰ-ਵਟਾਂਦਰਾ ਕੀਤਾ। |
| 19. | 3 ਫਰਵਰੀ, 2026 | 5+**1 | 1) ਕਮੇਟੀ ਵੱਲੋਂ ਬਿੱਲ ਸਬੰਧੀ ਪ੍ਰਾਪਤ ਹੋਏ ਸੁਝਾਵਾਂ ਅਤੇ ਤਿਆਰ ਕੀਤੀ ਗਈ ਖਰੜਾ ਰਿਪੋਰਟ ਤੇ ਮੁੜ ਵਿਚਾਰ-ਵਟਾਂਦਰਾ ਕੀਤਾ ਗਿਆ।<br>2) ਸਭਾਪਤੀ ਜੀ ਨੇ ਮਿਤੀ 28.10.2025, 12.11.2025, 16.12.2025, 6.01.2026 ਅਤੇ 28.01.2026 ਨੂੰ ਹੋਈਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕੀਤੀ। |
| 20. | 10 ਫਰਵਰੀ, 2026 | 3 | 1) ਕਮੇਟੀ ਦਾ ਕੋਰਮ ਪੂਰਾ ਨਹੀਂ ਹੋਇਆ ਪਰੰਤੂ ਸਭਾਪਤੀ ਜੀ ਨੇ ਕਮੇਟੀ ਦੇ ਬਹੁਤ ਹੀ ਅਹਿਮ ਅਤੇ ਮਹੱਤਵਪੂਰਨ ਬਿੱਲ ਤੇ ਵਿਚਾਰ-ਵਟਾਂਦਰੇ ਦੇ ਮੱਦੇ ਨਜ਼ਰ ਗ੍ਰਹਿ ਮਾਮਲੇ ਵਿਭਾਗ, ਪੰਜਾਬ ਅਤੇ ਕਾਨੂੰਨੀ ਮਸ਼ੀਰ ਤੇ ਵਿਧਾਨਕ ਮਾਮਲੇ ਵਿਭਾਗ, ਪੰਜਾਬ ਦੇ ਹਾਜ਼ਰ ਅਧਿਕਾਰੀਆਂ ਨਾਲ ਬਿੱਲ ਸਬੰਧੀ ਪ੍ਰਾਪਤ ਹੋਏ ਸੁਝਾਵਾਂ ਅਤੇ ਤਿਆਰ ਕੀਤੀ ਗਈ ਖਰੜਾ ਰਿਪੋਰਟ ਤੇ ਮੁੜ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਫੈਸਲਾ ਕੀਤਾ ਕਿ ਲੋੜੀਂਦੀਆਂ ਸੋਧਾਂ ਕਰਕੇ ਸੋਧੀ ਹੋਈ ਡਰਾਫਟ ਰਿਪੋਰਟ ਕਮੇਟੀ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ।<br>2) ਕਮੇਟੀ ਸਾਹਮਣੇ ਸਕੱਤਰ, ਦਫਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤੇਜਾ ਸਿੰਘ ਸਮੁੰਦਰੀ ਹਾਲ, ਸ਼੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਪ੍ਰਾਪਤ ਪੱਤਰ ਨੰ: 23118(T), ਮਿਤੀ 30.1.2026, ਜੋ ਕਿ ਪ੍ਰਸਤਾਵਿਤ ਬਿੱਲ ਸਬੰਧੀ ਸੀ, ਨੂੰ ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ। |

| | | | |
|---|---|---|---|
| | | | 3) ਕਮੇਟੀ ਸਾਹਮਣੇ ਸਰਦਾਰ ਹਰਪ੍ਰੀਤ ਸਿੰਘ ਵੱਲੋਂ ਪ੍ਰਾਪਤ ਪੱਤਰ, ਜਿਸ ਵਿੱਚ ਬਿੱਲ ਸਬੰਧੀ ਵਿਚਾਰ ਅਤੇ ਸੁਝਾਅ ਦਿੱਤੇ ਗਏ ਹਨ, ਪੇਸ਼ ਕੀਤਾ ਗਿਆ ਅਤੇ ਕਮੇਟੀ ਨੇ ਇਸ ਨੂੰ ਨੋਟ ਕੀਤਾ। |
| 21. | 24 ਫਰਵਰੀ, 2026 | 8+**1 | ਕਮੇਟੀ ਵੱਲੋਂ ਬਿੱਲ ਸਬੰਧੀ ਤਿਆਰ ਕੀਤੀ ਗਈ ਖਰੜਾ ਰਿਪੋਰਟ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। |
| 22. | 11 ਮਾਰਚ, 2026 | 8 | 1) ਕਮੇਟੀ ਵੱਲੋਂ ਬਿੱਲ ਸਬੰਧੀ ਤਿਆਰ ਕੀਤੀ ਗਈ ਖਰੜਾ ਰਿਪੋਰਟ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।<br>2) ਕਮੇਟੀ ਨੇ ਫੈਸਲਾ ਕੀਤਾ ਕਿ ਰਿਪੋਰਟ ਪੇਸ਼ ਕਰਨ ਲਈ 6 ਮਹੀਨੇ ਦਾ ਹੋਰ ਸਮਾਂ ਮਿਲਣਾ ਚਾਹੀਦਾ ਹੈ। ਇਸ ਸਬੰਧੀ ਕਮੇਟੀ ਨੇ ਸ੍ਰੀ ਸਭਾਪਤੀ ਨੂੰ ਸਦਨ ਅੰਦਰ 6 ਮਹੀਨੇ ਦਾ ਸਮਾਂ ਵਧਾਉਣ ਲਈ ਪ੍ਰਸਤਾਵ ਪੇਸ਼ ਕਰਨ ਦਾ ਅਧਿਕਾਰ ਦਿੱਤਾ। |

**ਨੋਟ **1 ਐਡਵੋਕੇਟ ਜਨਰਲ, ਪੰਜਾਬ ਦੀ ਥਾਂ ਤੇ ਸ੍ਰੀ ਰਾਜੀਵ ਮਦਾਨ, ਡਿਪਟੀ ਐਡਵੋਕੇਟ ਜਨਰਲ, ਪੰਜਾਬ ਕਮੇਟੀ ਦੀ ਮੀਟਿੰਗ ਵਿੱਚ ਹਾਜ਼ਰ ਹੋਏ।**

7. ਕਮੇਟੀ ਦੀਆਂ ਮਿਤੀ 20 ਨਵੰਬਰ, 2025 ਅਤੇ 10 ਫਰਵਰੀ, 2026 ਨੂੰ ਚੰਡੀਗੜ੍ਹ ਵਿਖੇ ਹੋਈਆਂ ਮੀਟਿੰਗਾਂ ਦਾ ਕੋਰਮ ਪੂਰਾ ਨਹੀਂ ਹੋਇਆ।

**********